# ਉੱਤਰੀ ਭਾਰਤ ਦਾ ਇਹ ਹਸਪਤਾਲ ਲੋਕਾਂ ਲਈ ਬਣਿਆ ਵਰਦਾਨ, ਦਾਖਲ ਮਰੀਜਾਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਸੇਵਾਵਾਂ

ਅੰਮ੍ਰਿਤਸਰ 26 ਫਰਵਰੀ। ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸਰਕਾਰੀ ਵਿੱਦਿਆ ਸਾਗਰ ਮਨੋਰੋਗ ਹਸਪਤਾਲ ਮਾਨਸਿਕ ਤੌਰ ’ਤੇ ਕਮਜੋਰ ਮਰੀਜਾਂ ਨੂੰ ਵਧੀਆ ਸੇਵਾਵਾਂ ਦੇਣ ਲਈ ਵਰਦਾਨ ਸਾਬਤ ਹੋ ਰਿਹਾ ਹੈ। 400 ਬੈੱਡਾਂ ਵਾਲੇ ਹਸਪਤਾਲ ’ਚ ਪੰਜਾਬ ਤੋਂ ਇਲਾਵਾ ਹਿਮਾਚਲ, ਹਰਿਆਣਾ ਆਦਿ ਸੂਬਿਆਂ ਦੇ 240 ਮਰੀਜ ਮੁਫਤ ਸੇਵਾਵਾਂ ਦਾ ਲਾਭ ਲੈ ਰਹੇ ਹਨ। ਹਸਪਤਾਲ ਦੀ ਚੰਗੀ ਕਾਰਜਸ਼ੈਲੀ ਅਤੇ ਵਧੀਆ ਇਲਾਜ ਕਾਰਨ ਜਿੱਥੇ ਕਈ ਦਾਖਲ ਮਰੀਜ ਠੀਕ ਹੋ ਕੇ ਆਪਣੇ ਘਰਾਂ ਨੂੰ ਵੀ ਜਾ ਚੁੱਕੇ ਹਨ, ਉੱਥੇ ਹੀ ਓ.ਪੀ.ਡੀ. ’ਚ ਰੋਜਾਨਾਂ 200 ਤੋਂ ਵੱਧ ਮਰੀਜ ਇਲਾਜ ਲਈ ਆ ਰਹੇ ਹਨ। ਜਾਣਕਾਰੀ ਅਨੁਸਾਰ ਭਾਰਤ ਅਤੇ ਪਾਕਿਸਤਾਨ ਵੰਡ ਤੋਂ ਬਾਅਦ 1947 ’ਚ ਅੰਮ੍ਰਿਤਸਰ ਦੇ ਅੰਦਰ ਸਰਕਾਰੀ ਪੱਧਰ ’ਤੇ ਵਿੱਦਿਆ ਸਾਗਰ ਮਨੋਰੋਗ ਹਸਪਤਾਲ ਦਾ ਨਿਰਮਾਣ ਕੀਤਾ ਗਿਆ। ਉੱਤਰੀ ਭਾਰਤ ਦਾ ਸਭ ਤੋਂ ਵੱਡਾ ਹਸਪਤਾਲ ਹੋਣ ਕਾਰਨ ਇੱਥੇ ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਆਦਿ ਸੂਬਿਆਂ ਦੇ ਮਰੀਜ ਜੋ ਮਾਨਸਿਕ ਤੌਰ ’ਤੇ ਕਮਜੋਰ ਹਨ, ਨੂੰ ਇਲਾਜ ਲਈ ਦਾਖਲ ਕੀਤਾ ਜਾਂਦਾ ਸੀ। ਭਾਰਤ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਕਾਰਨ ਇਸ ਹਸਪਤਾਲ ’ਚ ਦਾਖਲ ਹੋਣ ਵਾਲੇ ਮਰੀਜਾਂ ਨੂੰ ਮੁਫਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। 400 ਬੈੱਡਾਂ ਵਾਲੇ ਇਸ ਹਸਪਤਾਲ ’ਚ ਮੌਜੂਦਾ ਸਮੇਂ ’ਚ 140 ਮਰਦ ਅਤੇ 100 ਦੇ ਲਗਭਗ ਔਰਤਾਂ ਦਾਖਲ ਹਨ। ਹਸਪਤਾਲ ’ਚ ਦਾਖਲ ਮਰੀਜ ਨੂੰ ਰਹਿਣ ਅਤੇ ਖਾਣ-ਪੀਣ ਦੀ ਸਹੂਲਤ ਤੋਂ ਇਲਾਵਾ ਮੁਫਤ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ। ਹਸਪਤਾਲ ਦਾ ਸਟਾਫ 24 ਘੰਟੇ ਮਰੀਜਾਂ ਦੇ ਸਹਿਯੋਗ ਲਈ ਵਾਰਡ ’ਚ ਤਾਇਨਾਤ ਰਹਿੰਦਾ ਹੈ। ਇਸ ਦੇ ਨਾਲ ਹੀ ਮਰੀਜ ਦੇ ਘੁੰਮਣ ਲਈ ਕਾਫੀ ਵੱਡੇ ਪੱਧਰ ’ਤੇ ਹਸਪਤਾਲ ਦਾ ਕੰਪਲੈਕਸ ਹੈ। ਮਰੀਜ ਵਾਰਡ ਤੋਂ ਬਾਹਰ ਆ ਕੇ ਸਾਧਾਰਣ ਮਰੀਜਾਂ ਦੀ ਤਰ੍ਹਾਂ ਕੰਪਲੈਕਸ ਦੇ ਅੰਦਰ ਬਣੀ ਸੁਰੱਖਿਅਤ ਥਾਂ ’ਤੇ ਘੁੰਮਦੇ ਰਹਿੰਦੇ ਹਨ। ਹਸਪਤਾਲ ਦੇ ਡਾਇਰੈਕਟਰ ਡਾਕਟਰ ਸਵਿੰਦਰ ਸਿੰਘ ਨੇ ਜਦੋਂ ਤੋਂ ਉਕਤ ਹਸਪਤਾਲ ਦਾ ਚਾਰਜ ਲਿਆ ਹੈ, ਉਦੋਂ ਤੋਂ ਕਾਫੀ ਵੱਡੇ ਪੱਧਰ ’ਤੇ ਸੁਧਾਰ ਹੋਏ ਹਨ। ਹਸਪਤਾਲ ਦੇ ਅੰਦਰ ਓ.ਪੀ.ਡੀ. ’ਚ ਆਉਣ ਵਾਲੇ ਮਰੀਜਾਂ ਦੀ ਗਿਣਤੀ ਵੀ ਕਾਫੀ ਵੱਧ ਗਈ ਹੈ ਅਤੇ ਖੁਦ ਹਰ ਦਿਨ 200 ਤੋਂ ਜ਼ਿਆਦਾ ਮਰੀਜ ਓ.ਪੀ.ਡੀ. ’ਚ ਸੇਵਾਵਾਂ ਲੈਣ ਲਈ ਆਉਂਦੇ ਹਨ। ਓਧਰ ਦੂਜੇ ਪਾਸੇ ਆਧੁਨਿਕ ਸਮਾਜ ਵੱਲ ਜਿੱਥੇ ਅਸੀਂ ਤਰੱਕੀ ਕਰ ਰਹੇ ਹਾਂ ਉੱਥੇ ਮਾਨਸਿਕ ਤੌਰ ’ਤੇ ਜ਼ਿਆਦਾਤਰ ਲੋਕ ਕਮਜੋਰ ਹੋ ਰਹੇ ਹਨ। ਪਰਿਵਾਰਕ ਅਤੇ ਹੋਰ ਸਮੱਸਿਆਵਾਂ ਕਾਰਨ ਕਈ ਮਰੀਜ ਮਾਨਸਿਕ ਤੌਰ ’ਤੇ ਕਮਜੋਰ ਹੋ ਕੇ ਪ੍ਰੇਸ਼ਾਨ ਹੋ ਰਹੇ ਹਨ। ਅਜਿਹੇ ਮਰੀਜਾਂ ਦੀ ਗਿਣਤੀ ਹਰ ਦਿਨ ਸਰਕਾਰੀ ਮਨੋਰੋਗ ਹਸਪਤਾਲ ’ਚ ਵੱਧ ਰਹੀ ਹੈ। ਓਧਰ ਦੂਜੇ ਪਾਸੇ ਭਾਰਤ ਸਰਕਾਰ ਦੁਆਰਾ 2017 ’ਚ ਬਣਾਏ ਗਏ ਕਾਨੂੰਨ ਤਹਿਤ ਹੁਣ ਸਰਕਾਰੀ ਮਨੋਰੋਗ ਹਸਪਤਾਲ ’ਚ ਪੰਜਾਬ ਦੇ ਹੀ ਮਰੀਜ ਨੂੰ ਦਾਖਲ ਕਰਨ ਦਾ ਕਾਨੂੰਨ ਹੈ। ਸਰਕਾਰ ਦੁਆਰਾ ਹੋਰ ਸੂਬਿਆਂ ’ਚ ਹੁਣ ਮਨੋਰੋਗ ਹਸਪਤਾਲ ਖੋਲ੍ਹੇ ਗਏ ਹਨ। ਡਿਪ੍ਰੈਸ਼ਨ ਅਤੇ ਮਾਨਸਿਕ ਤੌਰ ’ਤੇ ਕਮਜੋਰ ਤੋਂ ਇਲਾਵਾ ਹੋਰ ਦਿਮਾਗੀ ਬੀਮਾਰੀਆਂ ਤੋਂ ਪ੍ਰੇਸ਼ਾਨ ਮਰੀਜ ਦੀ ਮਦਦ ਲਈ ਉਕਤ ਹਸਪਤਾਲ ’ਚ ਟੈਵੀ ਮਾਨਸ ਕਾਲ ਸੈਂਟਰ ਬਣਾਇਆ ਗਿਆ ਹੈ, 14416 ਨੰਬਰ ’ਤੇ ਮਿਲੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਫੋਨ ਕਰ ਕੇ ਆਪਣੀ ਬੀਮਾਰੀ ਦੇ ਸਬੰਧ ’ਚ ਮਹੱਤਵਪੂਰਨ ਜਾਣਕਾਰੀ ਹਾਸਲ ਕਰ ਸਕਦੇ ਹਨ। ਭਾਰਤ ਅਤੇ ਪੰਜਾਬ ਸਰਕਾਰ ਦੁਆਰਾ ਦੂਰ-ਦਰਾਜ ਸਥਾਨ ’ਤੇ ਰਹਿਣ ਵਾਲੇ ਲੋਕਾਂ ਅਤੇ ਹਸਪਤਾਲ ’ਚ ਨਾ ਆਉਣ ਵਾਲੇ ਲੋਕਾਂ ਦੀਆਂ ਸਹੂਲਤਾਂ ਲਈ ਇਹ ਕਾਲ ਸੈਂਟਰ ਬਣਾਇਆ ਗਿਆ ਹੈ। ਕਾਲ ਸੈਂਟਰ ’ਚ ਕਾਊਂਸਲਰ ਸਬੰਧਤ ਮਰੀਜ ਦੀ ਕਾਊਂਸਲਿੰਗ ਕਰ ਕੇ ਉਸ ਦੀ ਬੀਮਾਰੀ ਦੇ ਸਬੰਧ ’ਚ ਇਲਾਜ ਅਤੇ ਉਸ ਨੂੰ ਬੀਮਾਰੀ ਦੀ ਪਕੜ ਤੋਂ ਬਾਹਰ ਆਉਣ ਲਈ ਮੋਟੀਵੇਟ ਕਰਦੇ ਹਨ। ਡਾ. ਸਵਿੰਦਰ ਸਿੰਘ ਦੀ ਅਗਵਾਈ ’ਚ ਚੱਲ ਰਹੇ ਇਸ ਕਾਲ ਸੈਂਟਰ ’ਚ ਹਰ ਦਿਨ ਕਾਫੀ ਲੋਕਾਂ ਦੇ ਫੋਨ ਆਉਂਦੇ ਹਨ ਅਤੇ ਮਰੀਜ ਨੂੰ ਇਸ ਕੇਂਦਰ ਦਾ ਕਾਫੀ ਲਾਭ ਮਿਲ ਰਿਹਾ ਹੈ। ਇਕ ਕੁਸ਼ਲ ਪ੍ਰਸ਼ਾਸਕ ਉਸ ਨੂੰ ਹੀ ਕਿਹਾ ਜਾਂਦਾ ਹੈ ਜਿਸ ਦੀ ਅਗਵਾਈ ’ਚ ਸਬੰਧਤ ਸੰਸਥਾ ਦਾ ਲਗਾਤਾਰ ਸੁਧਾਰ ਹੋ ਰਿਹਾ ਹੈ ਅਤੇ ਮਰੀਜਾਂ ਨੂੰ ਜਾਂ ਉਸ ਵਿਚ ਆਉਣ ਵਾਲੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਮਿਲ ਰਿਹਾ ਹੋਵੇ। ਡਾ. ਸਵਿੰਦਰ ਵੀ ਇਕ ਕੁਸ਼ਲ ਪ੍ਰਸ਼ਾਸਕ ਹਨ। ਹਰ ਦਿਨ ਡਾਕਟਰ ਸਵਿੰਦਰ ਖੁਦ ਓ.ਪੀ.ਡੀ. ਵੀ ਕਰਦੇ ਹਨ ਨਾਲ ਹੀ ਵਾਰਡ ’ਚ ਦਾਖਲ ਮਰੀਜ ਦੇ ਇਲਾਜ ਦਾ ਨਿਰੀਖਣ ਵੀ ਕਰਦੇ ਹਨ। ਇਸ ਦੇ ਨਾਲ ਹੀ ਹਸਪਤਾਲ ਦੇ ਪ੍ਰਸ਼ਾਸਨਿਕ ਕਾਰਜਾਂ ਨੂੰ ਵੀ ਕਰਦੇ ਹਨ। ਡਾ. ਸਵਿੰਦਰ ਦੀ ਅਗਵਾਈ ’ਚ ਹੋਰ ਡਾਕਟਰ ਵੀ ਅੰਮ੍ਰਿਤਸਰ ਅਤੇ ਹੋਰ ਜ਼ਿਲ੍ਹਿਆਂ ਤੋਂ ਆਉਣ ਵਾਲੇ ਮਰੀਜਾਂ ਦਾ ਓ.ਪੀ.ਡੀ. ’ਚ ਵੀ ਇਲਾਜ ਕਰ ਕੇ ਉਨ੍ਹਾਂ ਸਰਕਾਰੀ ਸੇਵਾਵਾਂ ਦਾ ਲਾਭ ਦੇ ਰਹੇ ਹਨ।




## ਮੋਗਾ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਸਮੱਗਲਰ ਦੋ ਭਰਾਵਾਂ ਦੀ 40 ਲੱਖ ਦੀ ਪ੍ਰਾਪਰਟੀ ‘ਸੀਲ’

ਮੋਗਾ 26 ਫਰਵਰੀ। ਨਸ਼ਾ ਸਮੱਗਲਰਾਂ ਵਿਰੁੱਧ ਕੰਪੀਟਿਟ ਅਥਾਰਟੀ ਦਿੱਲੀ ਦੇ ਹੁਕਮਾਂ ’ਤੇ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ ਮੋਗਾ ਜ਼ਿਲ੍ਹੇ ਦੇ ਥਾਣਾ ਕੋਟਈਸੇ ਖਾਂ ਅਧੀਨ ਪੈਂਦੇ ਪਿੰਡ ਦੌਲੇਵਾਲਾ ਦੇ ਦੋ ਕਥਿਤ ਨਸ਼ਾ ਸਮੱਗਲਰ ਭਰਾਵਾਂ ਅਤੇ ਇਕ ਮਹਿਲਾ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ ਜਿਸ ਵਿਚ ਉਨ੍ਹਾਂ ਦੀ ਲੱਖਾਂ ਰੁਪਏ ਦੀ ਪ੍ਰਾਪਰਟੀ ਜਬਤ ਕੀਤੀ ਹੈ। ਇਸ ਤੋਂ ਪਹਿਲਾਂ ਵੀ ਇਸੇ ਪਿੰਡ ਦੇ ਕਈ ਹੋਰਨਾਂ ਕਥਿਤ ਸਮੱਗਲਰਾਂ ਵਿਰੁੱਧ ਵੀ ਪੁਲਸ ਵਿਭਾਗ ਨੇ ਇਸ ਤਰ੍ਹਾਂ ਦੀਆਂ ਕਰਵਾਈਆਂ ਕੀਤੀਆਂ ਹਨ। ਡੀ. ਐੱਸ. ਪੀ. ਧਰਮਕੋਟ ਅਮਰਜੀਤ ਸਿੰਘ, ਥਾਣਾ ਮੁਖੀ ਜਸਵਿੰਦਰ ਸਿੰਘ ਅਤੇ ਚੌਂਕੀ ਇੰਚਾਰਜ ਦੌਲੇਵਾਲਾ ਰਘਵਿੰਦਰ ਪ੍ਰਸ਼ਾਦ ਨੇ ਦੱਸਿਆ ਕਿ ਪਿੱਪਲ ਸਿੰਘ, ਗੁਰਦੀਪ ਕੌਰ ਅਤੇ ਪਰਮਜੀਤ ਸਿੰਘ ਪੰਮਾ ਦੀ 40 ਲੱਖ ਦੀ ਪ੍ਰਾਪਰਟੀ ਸੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿੱਪਲ ਸਿੰਘ ਅਤੇ ਉਸਦੇ ਭਰਾ ਪਰਮਜੀਤ ਸਿੰਘ ਪੰਮਾ ਤੋਂ ਵੱਖ-ਵੱਖ ਮਾਮਲਿਆਂ ਦੌਰਾਨ ਭਾਰੀ ਮਾਤਰਾ ਵਿਚ ਚੂਰਾ ਪੋਸਤ ਬਰਾਮਦ ਕੀਤਾ ਸੀ। ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਪੰਮਾ ਅਕਤੂਬਰ 2009 ਤੋਂ ਫਰੀਦਕੋਟ ਜੇਲ੍ਹ ਵਿਖੇ ਨਜ਼ਰਬੰਦ ਹੈ। ਉਨ੍ਹਾਂ ਕਿਹਾ ਕਿ ਕਥਿਤ ਨਸ਼ਾ ਤਸਕਰੀ ਦੇ ਪਿੱਪਲ ਸਿੰਘ ਵਿਰੁੱਧ 11 ਅਤੇ ਪਰਮਜੀਤ ਸਿੰਘ ਵਿਰੁੱਧ 8 ਮਕੁੱਦਮੇ ਵੱਖ-ਵੱਖ ਥਾਣਿਆਂ ਵਿਚ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਸਮੱਗਲਰਾਂ ਵਿਰੁੱਧ ਇਸ ਤਰ੍ਹਾਂ ਦੀ ਕਾਰਵਾਈ ਕੰਪੀਟਿਟ ਅਥਾਰਟੀ ਦਿੱਲੀ ਦੇ ਹੁਕਮਾਂ ’ਤੇ ਜਾਰੀ ਰਹੇਗੀ ਕਿਉਂਕਿ ਪੰਜਾਬ ਦੀ ਜਵਾਨੀ ਨੂੰ ਘੁਣ ਦੀ ਤਰ੍ਹਾਂ ਖਾ ਰਹੇ ਨਸ਼ੇ ਵਿਰੁੱਧ ਹੁਣ ਸਰਕਾਰੀ ਹੁਕਮਾਂ ’ਤੇ ਸਖ਼ਤ ਕਰਵਾਈ ਜਾਰੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਸਮੱਗਲਰਾਂ ਦੀਆਂ ਪ੍ਰਾਪਰਟੀਆਂ ਵੀ ਜਬਤ ਕੀਤੀਆਂ ਜਾ ਰਹੀਆਂ ਹਨ।



# ਦੁਨੀਆ ਦੇ ਟਾਪ-100 ਸੂਚੀ ‘ਚ ਭਾਰਤੀ ਕੰਪਨੀਆਂ ਦਾ ਦਬਦਬਾ, ਇਨ੍ਹਾਂ 6 ਬ੍ਰਾਂਡ ਨੇ ਹਾਸਲ ਕੀਤਾ ਵੱਡਾ ਮੁਕਾਮ

ਨਵੀਂ ਦਿੱਲੀ 26 ਫਰਵਰੀ। ਲਗਜਰੀ ਉਤਪਾਦਾਂ ਦਾ ਨਿਰਮਾਣ ਕਰਨ ਵਾਲੀਆਂ ਦੁਨੀਆ ਦੀਆਂ ਚੋਟੀ ਦੀਆਂ 100 ਕੰਪਨੀਆਂ ‘ਚ 6 ਭਾਰਤੀ ਕੰਪਨੀਆਂ ਵੀ ਆਪਣੀ ਜਗ੍ਹਾ ਬਣਾਉਣ ‘ਚ ਸਫਲ ਰਹੀਆਂ ਹਨ। ਇਨ੍ਹਾਂ ਛੇ ਕੰਪਨੀਆਂ ਵਿੱਚ ਮਾਲਾਬਾਰ ਗੋਲਡ ਐਂਡ ਡਾਇਮੰਡਸ ਅਤੇ ਟਾਈਟਨ ਦੇ ਨਾਲ ਚਾਰ ਹੋਰ ਭਾਰਤੀ ਗਹਿਣੇ ਬਣਾਉਣ ਵਾਲੀਆਂ ਕੰਪਨੀਆਂ ਸਾਮਲ ਹਨ। ਮਾਲਾਬਾਰ ਗੋਲਡ ਪ੍ਰਮੁੱਖ ਘਰੇਲੂ ਕੰਪਨੀ ਹੈ, ਜੋ ਸੋਮਵਾਰ ਨੂੰ ਜਾਰੀ ਡੇਲੋਇਟ ਦੀ ‘ਗਲੋਬਲ ਲਗਜਰੀ ਵਸਤੂਆਂ ਦੀ ਸੂਚੀ-2023‘ ਵਿੱਚ 19ਵੇਂ ਸਥਾਨ ‘ਤੇ ਹੈ। ਇਸ ਨੂੰ ਪਹਿਲੀ ਵਾਰ ਸੂਚੀ ਵਿੱਚ ਥਾਂ ਮਿਲੀ ਹੈ। ਟਾਟਾ ਗਰੁੱਪ ਦੀ ਇਕਾਈ ਟਾਈਟਨ ਕੰਪਨੀ 24ਵੇਂ ਸਥਾਨ ‘ਤੇ ਹੈ। ਫ੍ਰੈਂਚ ਲਗਜਰੀ ਕੰਪਨੀ , ਜੋ ਵਿਭਿੰਨ ਖੇਤਰਾਂ ਵਿੱਚ ਕੰਮ ਕਰਦੀ ਹੈ, ਇਸ ਸੂਚੀ ਵਿੱਚ ਚੋਟੀ ਦੇ ਸਥਾਨ ‘ਤੇ ਕਾਬਜ ਹੈ। ਪੀਵੀਐਚ ਕਾਰਪੋਰੇਸਨ ਦੂਜੇ ਸਥਾਨ ‘ਤੇ ਹੈ ਅਤੇ ਰਿਚਮੋਂਟ ਤੀਜੇ ਸਥਾਨ ‘ਤੇ ਹੈ। ਡੇਲੋਏ ਨੇ ਰਿਪੋਰਟ ‘ਚ ਕਿਹਾ ਕਿ ਜਿਵੇਂ-ਜਿਵੇਂ ਭਾਰਤੀ ਅਰਥਵਿਵਸਥਾ ਵਧ ਰਹੀ ਹੈ, ਉਪਭੋਗਤਾਵਾਂ ਦੀਆਂ ਤਰਜੀਹਾਂ ਵਿਕਸਿਤ ਹੋ ਰਹੀਆਂ ਹਨ। ਦੇਸ ਦੇ ਲਗਜਰੀ ਬਾਜਾਰ ਵਿੱਚ ਮਹੱਤਵਪੂਰਨ ਵਾਧਾ ਦੇਖਿਆ ਜਾ ਰਿਹਾ ਹੈ, ਘਰੇਲੂ ਬ੍ਰਾਂਡਾਂ ਦੀ ਗਲੋਬਲ ਮਾਨਤਾ ਵਿੱਚ ਯੋਗਦਾਨ ਪਾ ਰਿਹਾ ਹੈ। ਦੇਸ ਵਿੱਚ ਲਗਜਰੀ ਉਤਪਾਦਾਂ ਦੀ ਮੰਗ ਹੋਰ ਵਧਣ ਦੀ ਉਮੀਦ ਹੈ। ਇਹ ਘਰੇਲੂ ਬ੍ਰਾਂਡਾਂ ਨੂੰ ਵਿਸਵ ਪੱਧਰ ‘ਤੇ ਉਭਰਨ ਦੇ ਕਾਫੀ ਮੌਕੇ ਪ੍ਰਦਾਨ ਕਰੇਗਾ। ਰਿਪੋਰਟ ਅਨੁਸਾਰ, ਦੁਨੀਆ ਦੇ ਚੋਟੀ ਦੇ 100 ਲਗਜਰੀ ਉਤਪਾਦ ਵੇਚਣ ਵਾਲਿਆਂ ਨੇ 2023 ਵਿੱਚ ਕੁੱਲ 347 ਬਿਲੀਅਨ ਡਾਲਰ ਦਾ ਕਾਰੋਬਾਰ ਕੀਤਾ। ਇਹ ਸਾਲਾਨਾ ਆਧਾਰ ‘ਤੇ 13.4 ਫੀਸਦੀ ਦਾ ਵਾਧਾ ਹੈ। 347 ਅਰਬ ਡਾਲਰ ਦੇ ਕੁੱਲ ਟਰਨਓਵਰ ਵਿੱਚ ਦੀ ਹਿੱਸੇਦਾਰੀ 31 ਪ੍ਰਤੀਸਤ ਹੈ। ਡੇਲੋਇਟ ਅਨੁਸਾਰ ਲਗਜਰੀ ਉਤਪਾਦਾਂ ਦਾ ਨਿਰਮਾਣ ਕਰਨ ਵਾਲੀਆਂ ਦੁਨੀਆ ਦੀਆਂ ਚੋਟੀ ਦੀਆਂ 10 ਕੰਪਨੀਆਂ 63 ਪ੍ਰਤੀਸਤ ਮਾਰਕੀਟ ‘ਤੇ ਕਬਜਾ ਕਰਦੀਆਂ ਹਨ। ਸਾਲਾਨਾ ਆਧਾਰ ‘ਤੇ ਇਨ੍ਹਾਂ ਦੀ ਵਿਕਰੀ ‘ਚ 23 ਫੀਸਦੀ ਦਾ ਵਾਧਾ ਹੋਇਆ ਹੈ। ਟਾਪ-100 ਕੰਪਨੀਆਂ ਦੇ ਕੁੱਲ ਸੁੱਧ ਲਾਭ ‘ਚ ਉਨ੍ਹਾਂ ਦੀ ਹਿੱਸੇਦਾਰੀ 76.4 ਫੀਸਦੀ ਹੈ।



## ਐਮਾਜੋਨ ਨੇ ਉੱਤਰਾਖੰਡ ‘ਚ 4500 ਫੁੱਟ ਦੀ ਉਚਾਈ ‘ਤੇ ਸਥਿਤ ਪਿੰਡ ‘ਚ ਸ਼ੁਰੂ ਕੀਤੀ ‘ਡਿਲਿਵਰੀ’ ਸੇਵਾ

ਬਿਜਨੈੱਸ ਡੈਸਕ 26 ਫਰਵਰੀ। ਈ-ਕਾਮਰਸ ਕੰਪਨੀ ਅਮੇਜਨ ਨੇ ਉੱਤਰਾਖੰਡ ਦੇ ਉੱਤਰਕਾਸੀ ਜ਼ਿਲ੍ਹੇ ਦੇ ਦੂਰ-ਦੁਰਾਡੇ ਪਿੰਡ ਗਜੋਲੀ ਵਿੱਚ ‘ਡਿਲਿਵਰੀ’ ਸੇਵਾ ਸੁਰੂ ਕੀਤੀ ਹੈ। ਕੰਪਨੀ ਦੇ ਮੁਤਾਬਕ ਇਹ ਹਿਮਾਲੀਅਨ ਪਰਬਤ ਲੜੀ ‘ਚ 4,500 ਫੁੱਟ ਦੀ ਉਚਾਈ ‘ਤੇ ਗਜੋਲੀ ਸਥਿਤ ਮਹਾਰਿਸੀ ਆਸਰਮ ਨੂੰ ਪੈਕੇਜ ਦੇਣ ਵਾਲੀ ਪਹਿਲੀ ਅਤੇ ਇਕਲੌਤੀ ਈ-ਕਾਮਰਸ ਕੰਪਨੀ ਬਣ ਗਈ ਹੈ। ਆਸਰਮ ਖੇਤਰ ਵਿੱਚ ਅਤੇ ਆਲੇ-ਦੁਆਲੇ ਕੋਈ ਦੁਕਾਨਾਂ ਜਾਂ ‘ਡਿਲੀਵਰੀ’ ਵਿਕਲਪ ਨਹੀਂ ਹਨ। ਇਸ ਸਥਾਨ ‘ਤੇ ‘ਆਰਡਰ ਡਿਲੀਵਰ’ ਕਰਨਾ ਨਾ ਸਿਰਫ ਮੁਸਕਲ ਹੈ, ਸਗੋਂ ਸਮਾਂ ਵੀ ਲੱਗਦਾ ਹੈ। ਐਮਾਜਾਨ ਇੰਡੀਆ ਦੇ ਡਾਇਰੈਕਟਰ (ਐਮਾਜਾਨ ਲੌਜਿਸਟਿਕਸ) ਕਰੁਣਾ ਸੰਕਰ ਪਾਂਡੇ ਨੇ ਕਿਹਾ, “ਪਿਛਲੇ ਕੁਝ ਸਾਲਾਂ ਵਿੱਚ ਅਸੀਂ ਇੱਕ ਤੇਜ, ਸੁਰੱਖਿਅਤ ਅਤੇ ਮਜਬੂਤ ਨੈੱਟਵਰਕ ਬਣਾ ਕੇ ਅਤੇ ਦੂਰ-ਦੁਰਾਡੇ ਦੇ ਕੋਨਿਆਂ ਤੱਕ ਪਹੁੰਚ ਕਰਕੇ ਆਪਣੇ ਗਾਹਕਾਂ ਦੀਆਂ ਵਿਭਿੰਨ ਲੋੜਾਂ ਨੂੰ ਪੂਰਾ ਕਰਨ ਲਈ ਵਿਕਸਿਤ ਹੋਏ ਹਾਂ। ਦੇਸ ਨੇ ਆਪਣੇ ਬੁਨਿਆਦੀ ਢਾਂਚੇ ਅਤੇ ਡਿਲੀਵਰੀ ਤਕਨਾਲੋਜੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ।




## 3, 000 ਰੁਪਏ ਰਿਸਵਤ ਲੈਂਦਾ ਸੀਨੀਅਰ ਸਿਪਾਹੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ 26 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਪੁਲਸ ਚੌਕੀ ਗ੍ਰੀਨ ਐਵੀਨਿਊ, ਅੰਮ੍ਰਿਤਸਰ ਸਹਿਰ ਵਿਖੇ ਤਾਇਨਾਤ ਸੀਨੀਅਰ ਸਿਪਾਹੀ ਨਿਸਾਨ ਸਿੰਘ ਨੂੰ 3,000 ਰੁਪਏ ਦੀ ਰਿਸਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜਮ ਨੂੰ ਰਜਿੰਦਰ ਸਿੰਘ ਵਾਸੀ ਨਵੀਂ ਅਬਾਦੀ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਹੈ ਕਿ ਉਕਤ ਪੁਲਸ ਮੁਲਾਜਮ ਚੋਰੀ ਦੇ ਇਕ ਕੇਸ ਵਿਚ ਉਸਦਾ ਵਾਹਨ ‘ਸੁਪਰਦਾਰੀ’ ‘ਤੇ ਛੱਡਣ ਬਦਲੇ 3,000 ਰੁਪਏ ਰਿਸਵਤ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਨੇ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਜਾਲ ਵਿਛਾਇਆ ਅਤੇ ਉਕਤ ਪੁਲਿਸ ਮੁਲਾਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਸ਼ਿਕਾਇਤਕਰਤਾ ਤੋਂ 3,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਟੀਮ ਨੇ ਮੌਕੇ ’ਤੇ ਉਸ ਦੇ ਕਬਜੇ ‘ਚੋਂ ਰਿਸਵਤ ਦੀ ਰਕਮ ਬਰਾਮਦ ਕੀਤੀ। ਇਸ ਸਬੰਧੀ ਮੁਲਜਮ ਖ਼ਿਲਾਫ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਚ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜਮਾਂ ਨੂੰ ਭਲਕੇ ਅਦਾਲਤ ਵਿਚ ਪੇਸ ਕੀਤਾ ਜਾਵੇਗਾ




# ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਚਰਚਾ ‘ਚ, ਕੈਦੀਆਂ ਦੇ ਕਬਜੇ ’ਚੋਂ ਮੋਬਾਈਲ ਸਣੇ ਨਸ਼ੀਲੇ ਪ੍ਰਦਾਰਥ ਬਰਾਮਦ

ਅੰਮ੍ਰਿਤਸਰ 26 ਫਰਵਰੀ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਵੱਡੇ ਪੱਧਰ ’ਤੇ ਗੜਬੜੀ ਚੱਲ ਰਹੀ ਹੈ। ਹਵਾਲਾਤੀਆਂ ਅਤੇ ਕੈਦੀਆਂ ਤੋਂ ਮੋਬਾਇਲ ਫੋਨ ਅਤੇ ਨਸੀਲੇ ਪ੍ਰਦਾਰਥਾਂ ਦੀ ਲਗਾਤਾਰ ਮਿਲਣਾ, ਜਿੱਥੇ ਜੇਲ੍ਹ ਦੀ ਸੁਰੱਖਿਆ ’ਤੇ ਸਵਾਲੀਆ ਨਿਸਾਨ ਖੜ੍ਹੇ ਕਰ ਰਹੇ ਹਨ, ਉੱਥੇ ਹੀ ਜੇਲ੍ਹ ’ਚ ਤਾਇਨਾਤ ਅਧਿਕਾਰੀਆਂ ਦੇ ਭ੍ਰਿਸਟਾਚਾਰ ਨੂੰ ਵੀ ਦਰਸਾਉਂਦੀ ਹੈ। ਜੇਲ੍ਹ ਵਿਚ ਇੰਨੀ ਵੱਡੀ ਮਾਤਰਾ ਵਿਚ ਮਿਲਿਆ ਸਾਮਾਨ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜੇਲ੍ਹ ਪ੍ਰਸਾਸਨ ਦੀ ਸਹਿਮਤੀ ਅਤੇ ਮਿਲੀਭੁਗਤ ਤੋਂ ਬਿਨਾਂ ਸੁਰੱਖਿਆ ਘੇਰਾ ਤੋੜ ਕੇ ਅੰਦਰ ਪਹੁੰਚਣਾ ਸੰਭਵ ਨਹੀਂ ਹੈ। ਪਿਛਲੇ 3 ਮਹੀਨਿਆਂ ਦੇ ਰਿਕਾਰਡ ਦੀ ਘੋਖ ਕਰਨ ’ਤੇ ਕੇਂਦਰੀ ਜੇਲ੍ਹ ’ਚ ਬੈਠੇ ਕੈਦੀਆਂ ਅਤੇ ਹਵਾਲਾਤੀਆਂ ਦੇ ਕਬਜੇ ’ਚੋਂ 200 ਦੇ ਕਰੀਬ ਮੋਬਾਇਲ ਫੋਨ ਬਰਾਮਦ ਹੋਏ ਹਨ । ਜੇਕਰ ਇਸ ਨੂੰ ਰੋਕਣ ਲਈ ਸਮੇਂ ਸਿਰ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਜੇਲ੍ਹ ਵਿਚ ਬੈਠੇ ਬਦਨਾਮ ਅਪਰਾਧੀ ਜੇਲ੍ਹ ਵਿੱਚੋਂ ਹੀ ਆਪਣਾ ਇਹ ਗੰਦਾ ਧੰਦਾ ਚਲਾਉਂਦੇ ਰਹਿਣਗੇ। ਹਵਾਲਾਤੀ ਅਜੈ ਬਾਊਂਸਰ, ਸਾਗਰ, ਅਰਵਿੰਦਰ, ਸੰਨੀ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ, ਅਜੇ ਸਿੰਘ, ਪ੍ਰਦੀਪ ਸਿੰਘ, ਕੁਲਦੀਪ ਸਿੰਘ, ਮਨਪ੍ਰੀਤ ਸਿੰਘ, ਸਾਈਮਨ ਪੀਟਰ, ਕੁਲਦੀਪ ਸਿੰਘ, ਕੁਮਾਰ ਸਾਹਿਲ, ਚਰਨਜੀਤ ਸਿੰਘ, ਸੰਜੇ, ਬਲਦੇਵ ਸਿੰਘ, ਮੇਜਰ ਸਿੰਘ, ਗੁਰਪ੍ਰੀਤ ਸਿੰਘ, ਸੁਖਬੀਰ ਸਿੰਘ, ਅੰਗਰੇਜ ਸਿੰਘ, ਸਾਹਿਲ, ਜੋਬਨਜੀਤ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਰਾਜਪਿੰਦਰ ਸਿੰਘ, ਹਰਮਿੰਦਰ ਸਿੰਘ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਅਜੈ ਪਾਲ ਸਿੰਘ, ਰਣਜੋਤ ਸਿੰਘ, ਗੁਰਦੇਵ ਸਿੰਘ, ਸੋਨੂੰ ਸਿੰਘ, ਸੋਨੂੰ ਗੋਸਵਾਮੀ, ਹਰਮਨਦੀਪ ਸਿੰਘ, ਪਰਸੋਤਮ ਸਿੰਘ, ਬਲਜਿੰਦਰ ਸਿੰਘ, ਅਜੈ ਪਾਲ ਸਿੰਘ, ਹਰਮੇਲ ਸਿੰਘ, ਗੁਰਯੋਧ ਸਿੰਘ, ਨਵਜੋਤ ਸਿੰਘ, ਜੈਕਰਨਬੀਰ ਸਿੰਘ, ਸੁਖਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਰਾਜਨ ਸਿੰਘ, ਦਾਨਿਸ ਸਿੰਘ ਅਤੇ ਨਿਸਾਂਤ ਸਿੰਘ ਸਾਮਲ ਹਨ। ਇਸ ਤੋਂ ਇਲਾਵਾ ਜੇਲ੍ਹ ਅਧਿਕਾਰੀਆਂ ਨੇ ਕੈਦੀਆਂ ਦੇ ਕਬਜੇ ਵਿੱਚੋਂ 200 ਬੰਡਲ ਬੀੜੀਆਂ, 16 ਪੈਕਟ ਤੰਬਾਕੂ, 10 ਪੈਕਟ ਕਲਿੱਪ ਅਤੇ 4 ਹੀਟਰ ਸਪਰਿੰਗ ਬੈਕ ਚਾਰਜ ਵੀ ਬਰਾਮਦ ਕੀਤੇ ਹਨ। ਫਿਲਹਾਲ ਵਧੀਕ ਜੇਲ੍ਹ ਸੁਪਰਡੈਂਟ ਦੀ ਸ਼ਿਕਾਇਤ ’ਤੇ ਥਾਣਾ ਇਸਲਾਮਾਬਾਦ ਪੁਲਸ ਨੇ ਮਾਮਲਾ ਦਰਜ ਕਰ ਕੇ ਸਾਰੇ ਕੈਦੀਆਂ ਨੂੰ ਪ੍ਰੋਡਕਸਨ ਵਾਰੰਟ ’ਤੇ ਲਿਆਉਣ ਦੀ ਕਾਰਵਾਈ ਸੁਰੂ ਕਰ ਦਿੱਤੀ ਹੈ।



## ਸਿਰਫ ਇਕ ਰੁਪਏ ‘ਚ ਹੋਇਆ ਵਿਆਹ, ਹਰ ਪਾਸੇ ਹੋ ਰਹੇ ਚਰਚੇ

ਨੂਹ 26 ਫਰਵਰੀ। ਹਰਿਆਣਾ ਦੇ ਮੇਵਾਤ ਖੇਤਰ ‘ਚ ਸਿਰਫ ਇਕ ਰੁਪਏ ‘ਚ ਵਿਆਹ ਹੋਇਆ। ਵਿਆਹ ਦਾਜ ਵਰਗੀ ਭੈੜੀ ਪ੍ਰਥਾ ਤੋਂ ਉੱਪਰ ਉੱਠ ਕੇ ਹੋਇਆ ਸੀ। ਇਹ ਵਿਆਹ ਇਲਾਕੇ ਲਈ ਇਕ ਮਿਸਾਲ ਬਣ ਗਿਆ ਹੈ, ਜਿਸ ਦੀ ਲੋਕ ਚਰਚਾ ਕਰ ਰਹੇ ਹਨ। ਨੂਹ ਜ਼ਿਲ੍ਹੇ ਦੇ ਪਿੰਡ ਖਵਾਜਲੀ ਕਲਾਂ ਦੇ ਰਹਿਣ ਵਾਲੇ ਸਾਬਕਾ ਸਰਪੰਚ ਪਹਿਲੂ ਖਾਨ ਨੇ ਆਪਣੀ ਪੋਤੀ ਦਾ ਵਿਆਹ ਰਾਜਸਥਾਨ ਦੇ ਭਰਤਪੁਰ ਵਾਸੀ ਲੜਕੇ ਨਾਲ ਕੀਤਾ ਹੈ। ਸਾਬਕਾ ਸਰਪੰਚ ਪਹਿਲੂ ਖਾਨ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੋਤੀ ਇਰਫਾਨਾ ਦਾ ਵਿਆਹ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਪਿੰਡ ਪਾਦਪੁਰੀ ਖੋਹ ਦੇ ਵਾਸੀ ਸਾਜਿਦ ਖਾਨ ਨਾਲ ਕੀਤਾ ਹੈ। ਉਸ ਦੀ ਪੋਤੀ 8ਵੀਂ ਜਮਾਤ ਪਾਸ ਹੈ, ਜਦਕਿ ਸਾਜਿਦ ਖਾਨ . ਪਾਸ ਹੈ। ਉਸ ਦੇ ਪਿਤਾ ਮੌਲਾਨਾ ਸੰਮਾ ਹਰ ਸਾਲ ਗਰੀਬ ਲੋਕਾਂ ਦੀ ਮਦਦ ਕਰਦੇ ਹਨ ਅਤੇ ਗਰੀਬ ਕੁੜੀਆਂ ਦੇ ਵਿਆਹ ਕਰਵਾਉਂਦੇ ਹਨ। ਪਹਿਲੂ ਖਾਨ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੋਤੀ ਦੇ ਵਿਆਹ ਵਿਚ ਨਾ ਤਾਂ ਕੋਈ ਸਾਮਾਨ ਦਿੱਤਾ ਅਤੇ ਨਾ ਹੀ ਕੋਈ ਨਕਦੀ ਦਿੱਤੀ। ਸਿਰਫ ਇਕ ਰੁਪਿਆ ਦੇ ਕੇ ਆਪਣੀ ਪੋਤੀ ਨੂੰ ਵਿਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਮਾਜ ਵਿਚੋਂ ਦਾਜ ਵਰਗੀ ਭੈੜੀ ਪ੍ਰਥਾ ਨੂੰ ਖਤਮ ਨਹੀਂ ਕੀਤਾ ਜਾਂਦਾ

# 10,000 ਰੁਪਏ ਰਿਸਵਤ ਲੈਂਦਾ ਏ. ਐੱਸ. ਆਈ. ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ 26 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ’ਚ ਭ੍ਰਿਸਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸੰਗਰੂਰ ਜ਼ਿਲ੍ਹੇ ਦੇ ਥਾਣਾ ਲੌਂਗੋਵਾਲ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ. ਐੱਸ. ਆਈ.) ਚਤਰ ਸਿੰਘ ਨੂੰ 10,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜਮ ਨੂੰ ਬਿੰਦਰ ਸਿੰਘ ਵਾਸੀ ਪਿੰਡ ਝਾੜੋਂ ਜ਼ਿਲ੍ਹਾ ਸੰਗਰੂਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਉਕਤ ਏ. ਐੱਸ. ਆਈ. ਉਸ ਦੇ ਰਿਸਤੇਦਾਰ ਰਣਜੀਤ ਸਿੰਘ ਵਾਸੀ ਪਿੰਡ ਝਾੜੋਂ, ਸੁਨਾਮ, ਜ਼ਿਲ੍ਹਾ ਸੰਗਰੂਰ ਨੂੰ ਥਾਣਾ ਲੌਂਗੋਵਾਲ ਵਿਖੇ ਪੁਲਸ ਕੇਸ ’ਚ ਨਾਮਜਦ ਕੀਤੇ ਜਾਣ ਉਪਰੰਤ ਉਸ ਕੋਲੋਂ 10,000 ਰੁਪਏ ਦੀ ਰਿਸਵਤ ਦੀ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਅੱਗੇ ਕਿਹਾ ਕਿ ਉਕਤ ਛੋਟਾ ਥਾਣੇਦਾਰ ਰਣਜੀਤ ਸਿੰਘ ਦੇ ਘਰੋਂ ਇੱਕ ਗੱਡੀ (ਅਰਟਿਗਾ ਕਾਰ) ਵੀ ਚੁੱਕ ਕੇ ਲੈ ਗਿਆ ਹੈ ਜੋ ਉਸਦੀ ਪਤਨੀ ਦੇ ਨਾਂ ’ਤੇ ਰਜਿਸਟਰਡ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ ਲਾਇਆ ਕਿ ਮੁਲਜਮ ਏ. ਐੱਸ. ਆਈ. ਰਣਜੀਤ ਸਿੰਘ ਨੂੰ ਰਿਸਵਤ ਦੇਣ ਲਈ ਧਮਕੀਆਂ ਦੇ ਰਿਹਾ ਹੈ ਨਹੀਂ ਤਾਂ ਉਹ ਇਸ ਮਾਮਲੇ ’ਚ ਉਸਦੀ ਪਤਨੀ ਨੂੰ ਵੀ ਨਾਮਜਦ ਕਰ ਦੇਵੇਗਾ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ, ਜਿਸ ’ਚ ਏ. ਐੱਸ. ਆਈ. ਚਤਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ’ਚ ਬਿੰਦਰ ਸਿੰਘ ਤੋਂ 10,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।




## ਟਾਂਡਾ ਵਿਖੇ ਘਰ-ਘਰ ਰਾਸਨ ਪਹੁੰਚਾਉਣ ਸਕੀਮ ਦੀ ਵਿਧਾਇਕ ਜਸਵੀਰ ਰਾਜਾ ਨੇ ਕੀਤੀ ਸੁਰੂਆਤ

ਟਾਂਡਾ ਉੜਮੁੜ 26 ਫਰਵਰੀ। ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਆਪ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਹਰਸ ਵਾਸਤੇ ਵਿਸੇਸ ਸਕੀਮਾਂ ਚਲਾਈਆਂ ਹਨ ਅਤੇ ਇਸ ਸਕੀਮਾਂ ਅੱਜ ਹਰੇਕ ਵਰਗ ਲਈ ਲਾਹੇਵੰਦ ਹੋ ਰਹੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵਾਰਡ ਨੰਬਰ 10 ਟਾਂਡਾ ਵਿਖੇ ਹੋਏ ਪੰਜਾਬ ਸਰਕਾਰ ਵੱਲੋਂ ਸੁਰੂ ਕੀਤੀ ਗਈ ਘਰ ਘਰ ਰਾਸਨ ਪਹੁੰਚਾਉਣ ਦੀ ਸਕੀਮ ਦੀ ਟਾਂਡਾ ਵਿਖੇ ਅਰੰਭਤਾ ਕਰਦੇ ਹੋਏ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਜਿੰਨੇ ਵੀ ਫੈਸਲੇ ਕੀਤੇ ਹਨ ਉਹ ਇਤਿਹਾਸਿਕ ਫੋਨ ਦੇ ਨਾਲ-ਨਾਲ ਲੋਕਾਂ ਲਈ ਲਾਹੇਵੰਦ ਵੀ ਸਾਬਤ ਹੋਏ ਹਨ। ਇਸ ਮੌਕੇ ਮੈਨੇਜਰ ਮਾਰਕਫੈਡ ਟਾਂਡਾ ਸਤਪਾਲ ਨੇ ਦੱਸਿਆ ਕਿ ਅੱਜ ਤੋਂ ਸੁਰੂ ਹੋਈ ਇਸ ਸਕੀਮ ਤਹਿਤ ਸਹਿਰ ਦੇ ਹਰੇਕ ਵਾਰਡ ਵਿੱਚ ਘਰ ਘਰ ਰਾਸਨ ਪਹੁੰਚਾਇਆ ਜਾਵੇਗਾ ਅਤੇ ਜੋ ਇਸ ਰਾਸਨ ਤੋਂ ਵਾਂਝੇ ਰਹਿਣਗੇ ਉਹਨਾਂ ਨੂੰ ਪਿੰਡ ਜਾਜਾ ਦੀ ਸੁਸਾਇਟੀ ਤੋਂ ਇਸ ਰਾਸਨ ਦੀ ਪ੍ਰਾਪਤੀ ਹੋਵੇਗੀ। ਇਸ ਮੌਕੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਕੌਂਸਲਰ ਹਰਕ੍ਰਿਸਨ ਸੈਣੀ, ਕੌਂਸਲਰ ਦਵਿੰਦਰਜੀਤ ਸਿੰਘ ਬਿੱਲੂ ,ਸੋਨੂ ਖੰਨਾ,ਅਸੋਕ ਵਰਮਾ, ਗੋਲਡੀ ਵਰਮਾ, ਅਨਿਲ ਗੋਰਾ, ਪ੍ਰੇਮ ਪਡਵਾਲ, ਪ੍ਰੇਮ ਜੈਨ, ਵਿਕੀ ਮਹਿੰਦਰੂ, ਬਲਜੀਤ ਰਾਏ, ਸਰਤ ਤਲਵਾੜ, ਨਵਜੋਤ ਸੈਣੀ, ਗੁਰਮੀਤ ਬਿੱਟੂ, ਹਰਵਿੰਦਰ ਕਲੋਟੀ, ਅਸਵਨੀ ਕੁਮਾਰ, ਬਲਜੀਤ ਸਿੰਘ ਸੈਣੀ, ਮਨਿੰਦਰ ਸਿੰਘ ਵੀ ਹਾਜਰ ਸਨ।



# ਕੈਨੇਡਾ ਰਹਿੰਦੇ ਰਿਸ਼ਤੇਦਾਰ ਦੇ ਨਾਂ ’ਤੇ ਚੰਡੀਗੜ੍ਹ ਦੀ ਔਰਤ ਤੋਂ 75 ਲੱਖ ਦੀ ਠੱਗੀ

ਚੰਡੀਗੜ੍ਹ 26 ਫਰਵਰੀ। ਕੈਨੇਡਾ ’ਚ ਰਹਿੰਦੇ ਆਪਣੇ ਰਿਸ਼ਤੇਦਾਰ ਨੂੰ ਜੇਲ੍ਹ ’ਚੋਂ ਛੁਡਵਾਉਣ ਦਾ ਝਾਂਸਾ ਦੇ ਕੇ ਸੈਕਟਰ-46 ਵਾਸੀ ਇਕ ਔਰਤ ਨਾਲ 75 ਲੱਖ ਰੁਪਏ ਦੀ ਧੋਖਾਧੜੀ ਕਰਨ ਵਾਲੇ ਗਿਰੋਹ ਦੇ ਮੈਂਬਰ ਨੂੰ ਸਾਈਬਰ ਸੈੱਲ ਨੇ ਬਿਹਾਰ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਬਿਹਾਰ ਦੀ ਗੰਡਕ ਕਾਲੋਨੀ ਵਾਸੀ ਆਦਰਸ਼ ਵਜੋਂ ਹੋਈ ਹੈ। ਮੁਲਜ਼ਮ ਦੀ ਨਿਸ਼ਾਨਦੇਹੀ ’ਤੇ ਪੁਲਸ ਨੇ 7 ਮੋਬਾਈਲ ਫੋਨ ਅਤੇ 12 ਏ. ਟੀ. ਐੱਮ. ਅਤੇ 15 ਸਿਮ ਕਾਰਡ ਬਰਾਮਦ ਕੀਤੇ ਹਨ। ਜਾਂਚ ’ਚ ਸਾਹਮਣੇ ਆਇਆ ਹੈ ਕਿ ਜੇਲ੍ਹ ’ਚੋਂ ਛੁਡਵਾਉਣ ਦੇ ਨਾਂ ’ਤੇ ਧੋਖਾਧੜੀ ਕਰਨ ਵਾਲਾ ਗਿਰੋਹ ਸਾਊਦੀ ਅਰਬ ਤੋਂ ਆਪ੍ਰੇਟ ਹੁੰਦਾ ਹੈ ਅਤੇ ਆਦਰਸ਼ ਇਸ ਦਾ ਮੈਂਬਰ ਹੈ। ਮੁਲਜ਼ਮ ਆਦਰਸ਼ ਠੱਗੀ ਦੇ ਪੈਸੇ ਕ੍ਰਿਪਟੋਕਰੰਸੀ ਜਰੀਏ ਸਾਊਦੀ ਅਰਬ ’ਚ ਟਰਾਂਸਫਰ ਕਰਦਾ ਸੀ। ਸਾਈਬਰ ਸੈੱਲ ਨੇ ਮੁਲਜ਼ਮ ਨੂੰ ਜ਼ਿਲ੍ਹਾ ਅਦਾਲਤ ’ਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਚਾਰ ਦਿਨ ਦੇ ਰਿਮਾਂਡ ’ਤੇ ਭੇਜ ਦਿੱਤਾ ਗਿਆ। ਸਾਈਬਰ ਸੈੱਲ ਦੇ ਐੱਸ. ਪੀ. ਕੇਤਨ ਬਾਂਸਲ ਨੇ ਦੱਸਿਆ ਕਿ 12 ਦਸੰਬਰ 2023 ਨੂੰ ਸੈਕਟਰ-46 ਦੇ ਰਹਿਣ ਵਾਲੇ ਭਾਗ ਸਿੰਘ ਦੀ ਪਤਨੀ ਨੂੰ ਫੋਨ ਆਇਆ ਸੀ ਕਿ ਕੈਨੇਡਾ ’ਚ ਰਹਿਣ ਵਾਲਾ ਉਨ੍ਹਾਂ ਦਾ ਰਿਸ਼ਤੇਦਾਰ ਪੰਮਾ ਜੇਲ੍ਹ ’ਚ ਬੰਦ ਹੈ। ਉਸ ਨੂੰ ਛੁਡਵਾਉਣ ਲਈ ਫੋਨ ਕਰਨ ਵਾਲੇ ਰਾਹੁਲ ਨੇ ਵੱਖ-ਵੱਖ ਬੈਂਕ ਖਾਤਿਆਂ ’ਚ 75 ਲੱਖ ਰੁਪਏ ਜਮ੍ਹਾ ਕਰਵਾਏ ਸਨ। ਸ਼ਿਕਾਇਤ ਮਿਲਣ ਤੋਂ ਬਾਅਦ ਸਾਈਬਰ ਸੈੱਲ ਨੇ ਮਾਮਲਾ ਦਰਜ ਕਰ ਕੇ ਇਸ ਗਿਰੋਹ ਨੂੰ ਕਾਬੂ ਕਰਨ ਲਈ ਇੰਸਪੈਕਟਰ ਰਣਜੀਤ ਸਿੰਘ ਦੀ ਅਗਵਾਈ ’ਚ ਸਪੈਸ਼ਲ ਟੀਮ ਦਾ ਗਠਨ ਕੀਤਾ ਸੀ। ਸਾਈਬਰ ਸੈੱਲ ਨੂੰ ਤਕਨੀਕੀ ਮਦਦ ਅਤੇ ਬੈਂਕ ਵੇਰਵਿਆਂ ਰਾਹੀਂ ਪਤਾ ਲੱਗਿਆ ਹੈ ਕਿ ਬਿਹਾਰ ਵਾਸੀ ਆਦਰਸ਼ ਦੇ ਖਾਤੇ ’ਚ 75 ਲੱਖ ਰੁਪਏ ਟਰਾਂਸਫਰ ਕੀਤੇ ਗਏ ਹਨ। ਸਾਈਬਰ ਸੈੱਲ ਨੇ ਮਾਮਲੇ ਦੀ ਜਾਂਚ ਕੀਤੀ ਹੈ ਅਤੇ ਮੁਲਜ਼ਮ ਦੀ ਲੋਕੇਸ਼ਨ ਲੈ ਕੇ ਉਸ ਨੂੰ 14 ਫਰਵਰੀ ਨੂੰ ਬਿਹਾਰ ਦੇ ਚੰਪਾਰਨ ਤੋਂ ਗ੍ਰਿਫ਼ਤਾਰ ਕੀਤਾ ਗਿਆ। ਸਾਈਬਰ ਸੈੱਲ ਨੇ ਮੁਲਜ਼ਮ ਨੂੰ ਚੰਡੀਗੜ੍ਹ ਲਿਆਂਦਾ ਅਤੇ ਅਦਾਲਤ ’ਚ ਪੇਸ਼ ਕਰ ਕੇ ਚਾਰ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ। ਪੁੱਛਗਿੱਛ ਦੌਰਾਨ ਮੁਲਜ਼ਮ ਆਦਰਸ਼ ਨੇ ਦੱਸਿਆ ਕਿ ਇਹ ਗਿਰੋਹ ਸਾਊਦੀ ਅਰਬ ਤੋਂ ਚਲਾਇਆ ਜਾਂਦਾ ਹੈ ਅਤੇ ਸਰਗਨਾ ਦੇ ਕਹਿਣ ’ਤੇ ਭਾਰਤ ’ਚ ਧੋਖਾਧੜੀ ਕਰਦਾ ਹੈ। ਉਹ ਧੋਖਾਧੜੀ ਲਈ ਬੈਂਕ ਖਾਤਾ ਅਤੇ ਸਿਮ ਕਾਰਡ ਮੁਹੱਈਆ ਕਰਵਾਉਂਦਾ ਸੀ। ਗਿਰੋਹ ਦੇ ਮੈਂਬਰ ਸਿਮ ਕਾਰਡਾਂ ਰਾਹੀਂ ਕਾਲਾਂ ਕਰ ਕੇ ਧੋਖਾਧੜੀਆਂ ਕਰਦੇ ਸਨ ਅਤੇ ਫਰਜ਼ੀ ਬੈਂਕ ਖਾਤਿਆਂ ’ਚ ਪੈਸੇ ਟਰਾਂਸਫਰ ਹੁੰਦੇ ਸਨ। ਉਸ ਨੇ ਦੱਸਿਆ ਕਿ ਧੋਖਾਧੜੀ ਦਾ ਪੈਸਾ ਕ੍ਰਿਪਟੋਕਰੰਸੀ ਰਾਹੀਂ ਅਰਬ ਦੇਸ਼ਾਂ ’ਚ ਟਰਾਂਸਫਰ ਹੁੰਦਾ ਸੀ। ਗਿਰੋਹ ਦੇ ਮੈਂਬਰ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਫੋਨ ਕਰਦੇ ਸਨ ਕਿਉਂਕਿ ਜ਼ਿਆਦਾਤਰ ਲੋਕਾਂ ਦੇ ਰਿਸ਼ਤੇਦਾਰ ਵਿਦੇਸ਼ਾਂ ’ਚ ਰਹਿੰਦੇ ਹਨ, ਮੈਂਬਰ ਵਕੀਲ ਬਣ ਕੇ ਲੋਕਾਂ ਨੂੰ ਫੋਨ ਕਰ ਕੇ ਰਿਸ਼ਤੇਦਾਰਾਂ ਦੇ ਜੇਲ੍ਹ ’ਚ ਹੋਣ ਬਾਰੇ ਜਾਣਕਾਰੀ ਦਿੰਦੇ ਸਨ। ਇਸ ਤੋਂ ਬਾਅਦ ਰਿਸ਼ਤੇਦਾਰ ਨੂੰ ਰਿਹਾਅ ਕਰਵਾਉਣ ਲਈ ਪੈਸੇ ਆਨਲਾਈਨ ਬੈਂਕ ਖਾਤੇ ’ਚ ਪੈਸੇ ਜਮ੍ਹਾ ਕਰਵਾਉਂਦੇ ਸਨ।




ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜ਼ਿਲ੍ਹਾ ਚੋਣ ਅਫ਼ਸਰ ਨੇ ਵੋਟਰ ਜਾਗਰੂਕਤਾ ਵੈਨ ਕੀਤੀ ਰਵਾਨਾ

## ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਵੋਟਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰੇ : ਸ਼ੌਕਤ ਅਹਿਮਦ ਪਰੈ




**ਪਟਿਆਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫ਼ਸਰ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਸ਼ੌਕਤ ਅਹਿਮਦ ਪਰੈ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਵੋਟਰ ਜਾਗਰੂਕਤਾ ਵੈਨ ਰਵਾਨਾ ਕੀਤੀ।

ਇਸ ਮੌਕੇ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਮੋਬਾਇਲ ਵੋਟਰ ਜਾਗਰੂਕਤਾ ਵੈਨ ਪਟਿਆਲਾ ਜ਼ਿਲ੍ਹੇ ਦੇ ਸਮੂਹ ਹਲਕਿਆਂ ਪਟਿਆਲਾ, ਪਟਿਆਲਾ ਦਿਹਾਤੀ, ਰਾਜਪੁਰਾ, ਸਨੌਰ, ਘਨੌਰ, ਸਮਾਣਾ, ਸ਼ੁਤਰਾਣਾ, ਨਾਭਾ ਵਿੱਚ ਮਿਤੀ 22-02-2024 ਤੋਂ 08-03-2024 ਤੱਕ ਚਲਾਈ ਜਾਵੇਗੀ। ਇਸ ਮੋਬਾਇਲ ਵੈਨ ਦਾ ਮੁੱਖ ਮੰਤਵ ਹਲਕੇ ਦੇ ਹਰ ਇੱਕ ਵੋਟਰ ਨੂੰ ਵੋਟਾਂ ਬਣਾਉਣ, ਵੋਟਾਂ ਵਿੱਚ ਸੁਧਾਈ ਕਰਨ ਅਤੇ ਵੋਟ ਪਾਉਣ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਵੋਟਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਜ਼ਰੂਰ ਕਰੇ।

ਵੈਨ ਵਿੱਚ ਵੀਡੀਓ ਕਲਿੱਪ ਰਾਹੀ ਈ.ਵੀ.ਐਮ ਮਸ਼ੀਨ ਰਾਹੀ ਵੋਟ ਪਾਉਣ ਸਮੇਤ ਈ.ਵੀ.ਐਮ. ਅਤੇ ਵੀਵੀ ਪੇਟ ਮਸ਼ੀਨ ਸਬੰਧੀ ਹੋਰ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ।

ਇਸ ਮੌਕੇ ਉਪ ਮੰਡਲ ਅਫ਼ਸਰ ਅਰਵਿੰਦ ਕੁਮਾਰ, ਜ਼ਿਲ੍ਹਾ ਸਵੀਪ ਅਫ਼ਸਰ ਪਟਿਆਲਾ ਡਾ ਸਵਿੰਦਰ ਰੇਖੀ ਅਤੇ ਪਟਿਆਲਾ ਸ਼ਹਿਰੀ-115 ਦੇ ਨੋਡਲ ਅਫ਼ਸਰ ਸਵੀਪ ਰੁਪਿੰਦਰ ਸਿੰਘ, ਮੋਹਿਤ ਕੌਸ਼ਲ, ਮੈਡਮ ਮੋਨਿਕਾ, ਪੂਜਾ ਚਾਵਲਾ ਅਤੇ ਸਬੰਧਤ ਬੀ ਐਲਓਜ਼ ਵੀ ਸ਼ਾਮਲ ਹੋਏ। ਇਹ ਵੈਨ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਵਿੱਚ ਨਿਰਧਾਰਿਤ ਪਲਾਨ ਅਨੁਸਾਰ ਵੋਟਰਾਂ ਨੂੰ ਜਾਗਰੂਕ ਕਰਨ ਲਈ ਯੋਗਦਾਨ ਦੇਵੇਗੀ।

# ਵਿਧਾਇਕ ਰਮਨ ਅਰੋੜਾ ਨੇ 'ਆਪ ਕੀ ਸਰਕਾਰ ਆਪ ਕੇ ਦੁਆਰ' ਵਿੱਚ ਸੁਣੀਆਂ ਹੋਰਨਾਂ ਲੋਕਾਂ ਦੀਆਂ ਸ਼ਿਕਾਇਤਾਂ

**ਜਲੰਧਰ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਰਮਨ ਅਰੋੜਾ ਨੇ ਅੱਜ ਕਾਜੀ ਮੰਡੀ ਵਿਖੇ 'ਆਪ ਕੀ ਸਰਕਾਰ' ਦੀ ਮੀਟਿੰਗ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਜਾਇਜ਼ ਸਮੱਸਿਆਵਾਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਵਿਧਾਇਕ ਰਮਨ ਅਰੋੜਾ ਨੇ 'ਆਪ ਕੀ ਸਰਕਾਰ' ਦੀ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਸ਼ਿਕਾਇਤਾਂ ਦਾ ਨਿਪਟਾਰਾ ਨਿਯਮਾਂ ਅਨੁਸਾਰ ਜਲਦ ਕੀਤਾ ਜਾਵੇ।



ਮੀਟਿੰਗ ਵਿੱਚ ਸਿਹਤ, ਪੁਲੀਸ, ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ, ਸਮਾਜਿਕ ਸੁਰੱਖਿਆ, ਸਮਾਜਿਕ ਨਿਆਂ, ਖੁਰਾਕ ਤੇ ਸਪਲਾਈ, ਖੇਤੀਬਾੜੀ, ਟਰਾਂਸਪੋਰਟ, ਸਹਿਕਾਰਤਾ, ਨਗਰ ਨਿਗਮ, ਬਿਜਲੀ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ।

ਵਿਧਾਇਕ ਰਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ 'ਤੇ 'ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਸ਼ਹਿਰਾਂ ਦੇ ਹਰ ਵਾਰਡ ਵਿੱਚ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਹਰ ਸਮੱਸਿਆ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਰਮਨ ਅਰੋੜਾ, ਵਰਿੰਦਰ ਸ਼ਰਮਾ, ਸੰਜੀਵ ਰਾਣਾ, ਅਸ਼ੋਕ ਸੱਭਰਵਾਲ ਵੀ ਮੌਜੂਦ ਸਨ। ਸ਼੍ਰੋਮਣੀ ਅਕਾਲੀ ਦਲ(ਅ) ਵਲੋਂ ਰਾਸ਼ਟਰਪਤੀ ਦੇ ਨਾਮ ਸੁਖਜੀਤ ਸਿੰਘ ਡਰੋਲੀ ਦੀ ਅਗਵਾਈ ਵਿੱਚ ਦਿਤਾ ਮੰਗ ਪੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਕ ਮੰਗ ਪੱਤਰ ਰਾਸ਼ਟਰਪਤੀ ਦੇ ਨਾਮ ਜਲੰਧਰ ਦੇ ਡਿਪਟੀ ਕਮਿਸ਼ਨਰ ਦੇ ਨਾ ਹੋਣ ਕਰਕੇ ਤਹਿਸੀਲਦਾਰ ਰੁਪਿੰਦਰਪਾਲ ਸਿੰਘ ਬੱਲ ਨੂੰ ਗੰਭੀਰ ਮੁੱਦਿਆ ਪ੍ਰਤੀ ਜਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਡਰੋਲੀ ਦੀ ਅਗਵਾਈ ਵਿੱਚ ਦਿਤਾ। ਮੁਖ ਮੁਦਿਆਂ ਵਿਚ ਪੰਜਾਬ ਵਿਚ ਕਿਸਾਨਾਂ ਵਲੋਂ ਦਿੱਲੀ ਵੱਲ ਕੂਚ ਕਰਦੇ ਸਮੇਂ ਉਹਨਾਂ ਉੱਪਰ ਗੋਲੀਆਂ ਚਲਾ ਕੇ ਉਹਨਾਂ ਨੂੰ ਮਾਰਨ,ਤਸ਼ੱਦਦ ਕਰਨ,ਉਹਨਾਂ ਦੇ ਟਰੈਕਟਰ ਤੋੜਨ ਖਿਲਾਫ ,ਐਸ. ਜੀ.ਪੀ.ਸੀ.ਦੀਆਂ ਵੋਟਾਂ ਬੀ.ਐਲ.ਓ.ਅਤੇ ਪਟਵਾਰੀਆਂ ਵਲੋਂ ਘਰ ਘਰ ਜਾ ਬਨਵਾਉਣ ਅਤੇ ਸਮਾਂ ਵਧਵਾਉਣ ਅਤੇ ਅਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਦੀ ਜੇਲ ਵਿੱਚ ਬਦਲਣ ਆਦਿ ਹੋਰ ਮੁੱਦਿਆ ਤੇ ਦਿਤਾ ਗਿਆ। ਇਸ ਮੌਕੇ ਉਹਨਾਂ ਨਾਲ ਜਗਰੂਪ ਸਿੰਘ, ਪਲਵਿੰਦਰ ਸਿੰਘ,ਬਘੇਲ ਸਿੰਘ ਭਾਟੀਆ, ਸੁਰਜੀਤ ਸਿੰਘ ਖਾਲਿਸਤਾਨੀ, ਅਮਰਜੀਤ ਸਿੰਘ ਸ਼ੇਰਗਿੱਲ, ਮਨਜੀਤ ਸਿੰਘ ਕੋਹਲਾ, ਅਮ੍ਰਿਤਪਾਲ ਸਿੰਘ, ਕਸ਼ਮੀਰ ਸਿੰਘ ਪੰਨੂੰ ਤੋਂ ਇਲਾਵਾ ਕਈ ਆਗੂ ਮੌਜੂਦ ਸਨ।

# ਕੈਬਨਿਟ ਮੰਤਰੀ ਈ.ਟੀ.ਓ ਵੱਲੋਂ ਹਰਿਆਣਾ ਪੁਲਿਸ ਦੀ ਬੇਰਹਿਮੀ ਦੀ ਕਰੜੀ ਨਿੰਦਾ, ਕੇਂਦਰ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੀ ਕੀਤੀ ਅਪੀਲ

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਹਰਿਆਣਾ ਪੁਲਿਸ ਵੱਲੋਂ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਕਥਿਤ ਤੌਰ 'ਤੇ ਹੱਤਿਆ ਕੀਤੇ ਜਾਣ 'ਤੇ ਰੋਸ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।



ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਹਰਿਆਣਾ ਪੁਲਿਸ ਦੀਆਂ ਕਾਰਵਾਈਆਂ ਦੀ ਨਿੰਦਾ ਕਰਦੇ ਹੋਏ ਕਿਹਾ, ਇਹ ਬਹੁਤ ਹੀ ਚਿੰਤਾਜਨਕ ਹੈ ਕਿ ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਖਿਲਾਫ ਉਸ ਸਮੇਂ ਹਿੰਸਾ ਕੀਤੀ ਜਦੋਂ ਉਨ੍ਹਾਂ ਦੀ ਲੀਡਰਸ਼ਿਪ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਅਰਜੁਨ ਮੁੰਡਾ ਦੇ ਗੱਲਬਾਤ ਦੇ ਸੱਦੇ 'ਤੇ ਵਿਚਾਰ ਕਰਨ ਲਈ ਮੀਟਿੰਗ ਕਰ ਰਹੀ ਸੀ।

ਮੰਤਰੀ ਨੇ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦਾ ਜਮਹੂਰੀ ਹੱਕ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੰਡਣ ਦੀਆਂ ਕੋਸ਼ਿਸ਼ਾਂ ਇਸ ਖੇਤਰ ਦੀ ਸਥਿਰਤਾ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ। ਉਨ੍ਹਾਂ ਕਿਹਾ, ÷ਕਿਸਾਨਾਂ ਦੀਆਂ ਮੰਗਾਂ ਖੇਤਰੀ ਨਹੀਂ ਹਨ, ਪਰ ਦੇਸ਼ ਭਰ ਦੇ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦਰਸਾਉਂਦੀਆਂ ਹਨ।÷ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ-ਹਰਿਆਣਾ ਸਰਹੱਦ 'ਤੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਸਰਕਾਰ ਦੀਆਂ ਚਾਲਾਂ ਸੱਤਾ ਦੀ ਸ਼ਰੇਆਮ ਦੁਰਵਰਤੋਂ ਨੂੰ ਦਰਸ਼ਾਉਂਦੀਆਂ ਹਨ।

ਸ. ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੌਰਾਨ ਸ਼ੰਭੂ ਅਤੇ ਖਿਨੌਰੀ ਸਰਹੱਦ 'ਤੇ ਵਾਪਰੀਆਂ ਘਟਨਾਵਾਂ ਨੇ ਹਰਿਆਣਾ ਸਰਕਾਰ ਵੱਲੋਂ ਕਿਸਾਨ ਦੇ ਰੋਸ ਪ੍ਰਦਰਸ਼ਨ ਨੂੰ ਦਬਾਉਣ ਲਈ ਵਰਤੀਆਂ ਜਾ ਰਹੀਆਂ ਕੋਝੀਆਂ ਚਾਲਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਇਸ ਨਾਲ ਹਰਿਆਣਾ ਦੇ ਕਿਸਾਨਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਬਾਰੇ ਵੀ ਚਿੰਤਾ ਪੈਦਾ ਹੋ ਗਈ ਹੈ।

ਕੈਬਨਿਟ ਮੰਤਰੀ ਸ. ਈ.ਟੀ.ਓ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਇਆ। ਉਨ੍ਹਾਂ ਮ੍ਰਿਤਕ ਕਿਸਾਨ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੁਖੀ ਪਰਿਵਾਰ ਦੇ ਨਾਲ ਹੈ ਅਤੇ ਹਰ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

# ਆਂਗਣਵਾੜੀ ਵਰਕਰਾਂ ਵੱਲੋਂ ਡੀਸੀ ਦਫ਼ਤਰ ਅੱਗੇ ਪ੍ਰਦਰਸ਼ਨ

## ਪ੍ਰੀ-ਨਰਸਰੀ ਦੇ ਨਾਮ 'ਤੇ ਸਕੂਲਾਂ ਵਿੱਚ ਬੱਚੇ ਭੇਜਣ ਦੇ ਨੋਟਿਸ ਦੀਆਂ ਕਾਪੀਆਂ ਸਾੜੀ



**ਮਲੇਰਕੋਟਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ ਗਿਆ ਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਤੇ ਪ੍ਰੀ ਨਰਸਰੀ ਦੇ ਨਾਮ 'ਤੇ ਸਕੂਲਾਂ ਵਿਚ ਬੱਚੇ ਭੇਜਣ ਦੇ ਜਾਰੀ ਨੋਟਿਸ ਦੀਆਂ ਕਾਪੀਆਂ ਸਾੜੀਆਂ ਅਤੇ ਮੰਗਾ ਸਬੰਧੀ ਮੁੱਖ ਮੰਤਰੀ ਦੇ ਨਾਂ ਡਿਪਟੀ ਕਮਿਸ਼ਨਰ ਡਾਕਟਰ ਪੱਲਵੀ ਨੂੰ ਮੰਗ ਪੱਤਰ ਵੀ ਸੌਂਪਿਆ।ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਗੁਰਮੇਲ ਕੌਰ ਤੇ ਬਲਾਕ ਪ੍ਰਧਾਨ ਰੁਪਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਖ਼ਿਲਾਫ਼ ਕਰਨ : ਦੇਸ਼ ਭਰ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਵਰਗ ਸੰਘਰਸ਼ ਦੇ ਰਾਹ 'ਤੇ ਸਰਕਾਰ ਖ਼ਿਲਾਫ਼ ਡਟਿਆ ਹੋਇਆ ਹੈ। ਕਿਉਂਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਨੀਅਤ ਦੋਵੇਂ ਹੀ ਕਾਰਪੋਰੇਟ ਘਰਾਣਿਆਂ ਨੂੰ ਮਜ਼ਬੂਤ ਕਰਨ ਵਾਲੀਆਂ ਹਨ।

ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੁਪੋਸ਼ਣ ਨੂੰ ਦੂਰ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ,ਪਰ ਕੁਪੋਸ਼ਣ ਨੂੰ ਦੂਰ ਕਰਨ ਵਾਸਤੇ ਕੇਂਦਰ ਸਰਕਾਰ ਵੱਲੋਂ ਬਣਦਾ ਬਜਟ ਵੀ ਪੂਰਾ ਜਾਰੀ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਵੀ ਦੋਗਲੀ ਨੀਤੀ ਅਪਣਾਈ ਜਾ ਰਹੀ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵਲੋਂ ਤਿੰਨ ਤੋਂ ਛੇ ਸਾਲ ਦੇ ਬੱਚੇ ਆਂਗਣਵਾੜੀ ਕੇਂਦਰਾਂ ਵਿਚ ਹੀ ਰੱਖਣ ਦਾ ਭਰੋਸਾ ਦਿੱਤਾ ਜਾਂਦਾ ਹੈ ,ਜਦੋਂ ਕਿ ਦੂਜੇ ਪਾਸੇ ਬੱਚਿਆਂ ਨੂੰ ਸਕੂਲਾਂ ਵਿਚ ਭਰਤੀ ਕਰਨ ਦਾ ਆਨਲਾਈਨ ਐਲਾਨ ਹੁੰਦਾ ਹੈ ਜੋ ਕਿ ਚਾਇਲਡ ਰਾਇਟ ਦਾ ਘਾਣ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਰਸਰੀ ਦੇ ਨਾਮ 'ਤੇ ਸਕੂਲਾਂ ਵਿਚ ਬੱਚਿਆਂ ਦੀ ਭਰਤੀ ਨਾਲ ਆਂਗਣਵਾੜੀ ਕੇਂਦਰਾਂ ਦੀ ਮਹੱਤਤਾ ਹੀ ਖਤਮ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰੀ ਨਰਸਰੀ ਦੇ ਨਾਮ 'ਤੇ ਸਕੂਲਾਂ ਵਿਚ ਬੱਚੇ ਭੇਜਣ ਦੇ ਨੋਟਿਸਾਂ ਨਾਲ ਪੰਜਾਬ ਦੀਆਂ 54 ਹਜ਼ਾਰ ਵਰਕਰਾਂ ਤੇ ਹੈਲਪਰਾਂ 'ਚ ਭਾਰੀ ਰੋਸ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ 15 ਦਿਨਾਂ ਦੇ ਅੰਦਰ ਅੰਦਰ ਮੰਗਾਂ ਦਾ ਹੱਲ ਨਾ ਕੀਤਾ ਤਾਂ 5 ਮਾਰਚ ਨੂੰ ਮੁੱਖ ਮੰਤਰੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਕਾਮਰੇਡ ਅਬਦੁਲ ਸਤਾਰ ਪ੍ਰਧਾਨ ਸੀਟੂ, ਸਬੀਨਾ ਪ੍ਰਧਾਨ ਬਲਾਕ,2 ,ਪੂਜਾ ਰਾਣੀ, ਰਵਨੀਤ ਕੌਰ, ਨਿਸ਼ਾ,ਮੈਡਮ ਪ੍ਰਵੀਨ, ਲਖਵੀਰ ਕੌਰ ਭੋਗੀਵਾਲ, ਪੂਨਮ ਰਾਣੀ, ਅਨੁਰਾਧਾ, ਰਣਜੀਤ ਕੌਰ ਚੌਂਦਾਂ, ਅਮਰੀਕ ਕੌਰ, ਸਿਮਰਨ, ਮੁਮਤਾਜ਼ ਆਦ ਹਾਜ਼ਰ ਸਨ।

# ਜ਼ਿਲ੍ਹਾ ਕਚਹਿਰੀਆਂ ਵਿਖੇ ਅੰਡਰ ਟਰਾਈਲ ਰਿਵਿਊ ਕਮੇਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਮੀਟਿੰਗ ਆਯੋਜਿਤ

**ਤਰਨਤਾਰਨ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਸ਼੍ਰੀਮਤੀ ਪ੍ਰਿਆ ਸੂਦ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਅੰਡਰ ਟਰਾਈਲ ਰਵੀਊਂ ਕਮੇਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਸ਼੍ਰੀ ਸੰਦੀਪ ਕੁਮਾਰ, ਮਾਨਯੋਗ ਡਿਪਟੀ ਕਮਿਸ਼ਨਰ, ਤਰਨ ਤਾਰਨ, ਸ੍ਰੀ ਅਸ਼ਵਨੀ ਕਪੂਰ, ਸੁਪਰਡੈਂਟ ਆਫ਼ ਪੁਲਿਸ ਤਰਨ ਤਾਰਨ, ਸ਼੍ਰੀ ਬਗੀਚਾ ਸਿੰਘ, ਸਿਵਲ ਜੱਜ ਸੀਨੀਅਰ ਡੀਵੀਜ਼ਨ, ਤਰਨ ਤਾਰਨ, ਸ਼੍ਰੀਮਤੀ ਪ੍ਰਤਿਮਾ ਅਰੋੜਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਮਿਸ. ਸ਼ੀਲਪਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ, ਤਰਨ ਤਾਰਨ, ਸ਼੍ਰੀ ਗੁਰਚਰਨ ਸਿੰਘ ਧਾਲੀਵਾਲ, ਸੁਪਰਡੈਂਟ, ਸੈਂਟਰਲ ਜੇਲ ਸ਼੍ਰੀ ਗੋਇੰਦਵਾਲ ਸਾਹਿਬ, ਸ਼੍ਰੀ ਜਤਿੰਦਰਪਾਲ ਸਿੰਘ, ਡਿਪਟੀ ਸੁਪਰਡੈਂਟ, ਸਬ-ਜੇਲ ਪੱਟੀ ਅਤੇ ਕਮੇਟੀ ਮੈਂਬਰ ਹਾਜ਼ਰ ਸਨ। ਇਸ ਮੀਟਿੰਗ ਵਿੱਚ ਅੰਡਰ ਟਰਾਈਲ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ।

ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਜੀ ਨੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਕਿਹਾ ਜਿਹੜੇ ਹਵਾਲਾਤੀ ਘੱਟ ਸੰਗੀਨ ਅਪਰਾਧਾਂ ਵਿੱਚ (Criminal Compoundable offence ) ਵਿੱਚ ਜੇਲ੍ਹਾ ਵਿੱਚ ਬੰਦ ਹਨ ਉਹਨਾਂ ਦੇ ਕੇਸਾਂ ਦਾ ਨਿਪਟਾਰਾ ਕੈਂਪ ਕੋਰਟ ਵਿੱਚ ਕਰਨ ਲਈ ਨਿਰਦੇਸ਼ ਦਿੱਤੇ ਗਏ ਇਸ ਤੋਂ ਇਲਾਵਾ ਪਿਛਲੇ ਤਿੰਨ ਮਹੀਨਿਆਂ (ਅਕਤੂਬਰ, ਨਵੰਬਰ ਅਤੇ ਦਸਬੰਰ) ਵਿੱਚ 246 ਪ੍ਰਾਰਥੀਆਂ ਨੂੰ ਫਰੀ ਲੀਗਲ ਏਡ ਵੱਲੋਂ ਵਕੀਲ ਮੁਹੱਈਆਂ ਕਰਵਾਏ ਗਏ ਸਨ। ਉਨ੍ਹਾਂ ਨੂੰ ਕੌਂਸਲ ਫੀਸ ਦੇਣ ਦੀ ਮੰਜ਼ੂਰੀ ਇਸ ਮੀਟਿੰਗ ਵਿੱਚ ਦਿੱਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਪਬਲੀਸਿਟੀ ਕਿਵੇਂ ਵੱਧ ਤੋਂ ਵੱਧ ਕੀਤੀ ਜਾ ਸਕਦੀ ਹੈ ਇਸ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਭ ਨੇ ਆਪਣੇ ਸੁਝਾਅ ਦਿੱਤੇ। ਇਸ ਤੋਂ ਇਲਾਵਾ ਆਉਣ ਵਾਲੀ ਨੈਸ਼ਨਲ ਲੋਕ ਅਦਾਲਤ ਦੀ ਪਬਲੀਸਿਟੀ ਅਤੇ ਉਸ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਿਵੇਂ ਹੋ ਸਕਦਾ ਹੈ ਇਸ ਬਾਰੇ ਵੀ ਚਰਚਾ ਕੀਤੀ ਗਈ। ਅੰਤ ਵਿੱਚ ਸ਼੍ਰੀਮਤੀ ਪ੍ਰਿਆ ਸੂਦ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਤਰਨ ਤਾਰਨ ਜੀ ਨੇ ਦੱਸਿਆ ਕਿ ਕਿਵੇਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਕਾਰਗੁਜ਼ਾਰੀ ਨੂੰ ਵਧੀਆ ਬਣਾਇਆ ਜਾ ਸਕਦਾ ਹੈ।ਜਿਆਦਾ ਜਾਣਕਾਰੀ ਲਈ ਟੋਲ ਫ੍ਰੀ ਨੰਬਰ 1968 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਕਾਂਗਰਸ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੀ ਹੋਈ ਮੀਟਿੰਗ

## ਲੋਕ ਸਭਾ ਚੋਣਾਂ ਅਤੇ ਆਪ ਸਰਕਾਰ ਦੀਆ ਨਾਕਾਮੀਆਂ ਬਾਰੇ ਕੀਤਾ ਗਿਆ ਵਿਚਾਰ-ਵਟਾਂਦਰਾ



ਸ੍ਰੀ ਅਨੰਦਪੁਰ ਸਾਹਿਬ ਵਿਖੇ ਮੰਡਲ ਕਾਂਗਰਸ ਕਮੇਟੀ ਦੀ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੰਡਲ ਪ੍ਰਧਾਨ ਕਮਲਦੀਪ ਕੌਰ ਸੈਣੀ, ਨਾਲ ਹਨ ਬਲਾਕ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ ਤੇ ਹੋਰ ਕਾਂਗਰਸੀ ਆਗੂ

**ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੀ ਇੱਕ ਮੀਟਿੰਗ ਮੰਡਲ ਪ੍ਰਧਾਨ ਕਮਲਦੀਪ ਕੌਰ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਦੇ ਦਿਸ਼ਾਨਿਰਦੇਸ਼ਾ ਹੇਠ ਅਗਾਮੀ ਲੋਕ ਸਭਾ ਚੋਣਾ ਨੂੰ ਲੈ ਕੇ ਵਿਚਾਰ-ਵਿਟਾਂਦਰਾ ਕੀਤਾ ਗਿਆ ਅਤੇ ਨਾਲ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦੋ ਸਾਲਾਂ ਦੇ ਕਾਰਜਕਾਲ ਦੀ ਪੜਚੋਲ ਵੀ ਕੀਤੀ ਗਈ। ਬੀਬੀ ਸੈਣੀ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਕਾਂਗਰਸੀ ਉਮੀਦਵਾਰ ਹੀ ਜਿੱਤ ਦਰਜ ਕਰੇਗਾ।ਕਿਉਕਿ ਸੂਬਾ ਸਰਕਾਰ ਦੀ ਦੋ ਸਾਲਾਂ ਦੀ ਕਾਰਜਗੁਜਾਰੀ ਬਹੁਤ ਹੀ ਮਾੜੀ ਰਹੀ ਹੈ।

ਉਹਨਾਂ ਕਿਹਾ ਕਿ ਕਾਰਸੇਵਾ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਸੰਤਾਂ ਵਲੋਂ ਗੜ੍ਹਸੰ ਸ੍ਰੀ ਅਨੰਦਪੁਰ ਸਾਹਿਬ ਸ਼ੜਕ ਦਾ ਨਿਰਮਾਣ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਕਿਉਕਿ ਸੰਤਾਂ ਨੇ ਉਹ ਕੰਮ ਕਰ ਦਿੱਤਾ ਹੈ ਜ਼ੋ ਸੂਬਾ ਸਰਕਾਰ ਵੀ ਨਹੀਂ ਕਰ ਸਕੀ। ਇਸ ਤੋਂ ਬਿਨ੍ਹਾ ਸਮੂਹ ਮੰਡਲ ਵਲੋਂ ਚੱਲ ਰਹੇ ਕਿਸ਼ਾਨ ਅੰਦੋਲਨ ਦਾ ਸਮਰਥਨ ਕਰਦੇ ਹੋਏ ਕੇਂਦਰ ਦੀ ਭਾਜਪਾ ਸਰਕਾਰ ਤੋਂ ਕਿਸ਼ਾਨਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ, ਵਪਾਰ ਮੰਡਲ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ, ਅਨੀਤਾ ਦੇਵੀ, ਅਰੁਣਦੀਪ ਸੋਨੂੰ, ਸਾਬਕਾ ਕੌਂਸਲਰ ਨਰਿੰਦਰ ਸੈਣੀ, ਰਾਜ ਕੁਮਾਰ ਸੈਣੀ, ਨੰਬਰਦਾਰ ਕੁਲਦੀਪ ਸਿੰਘ, ਮੋਹਨ ਸਿੰਘ ਭਸ਼ੀਨ, ਮੁਕੇਸ਼ ਕੁਮਾਰ ਛੰਨੂੰ, ਜਨਮੀਤ ਸਿੰਘ ਬੰਗਾ, ਕੌਸ਼ਲਰ ਗੁਰਿੰਦਰ ਸਿੰਘ ਵਾਲੀਆ, ਪ੍ਰਵੇਸ਼ ਮਹਿਤਾ, ਮਹੇਸ਼ ਕਾਂਤ, ਦੀਪਕ ਪਰਾਸ਼ਰ, ਪਵਨ ਰਾਣਾ, ਪ੍ਰੇਮ ਸਿੰਘ ਸਿੱਧੂ, ਪਾਰਸ ਮਿੱਡਾ, ਕੌਸ਼ਲਰ ਜ਼ਸਵਿੰਦਰ ਸਿੰਘ ਰਤਨ, ਕਮਲਜੀਤ ਸਿੰਘ, ਮੱਖਣ ਸਿੰਘ ਭਸ਼ੀਨ, ਐਡ. ਰਵਿੰਦਰ ਸਿੰਘ ਰਤਨ, ਲੱਕੀ ਰਾਣਾ, ਚੰਦਨ ਨੱਡਾ, ਕੁਲਜਿੰਦਰ ਸਿੰਘ ਭੱਠਲ ਆਦਿ ਕਾਂਗਰਸੀ ਹਾਜਰ ਸਨ।

# ਅਕਾਲ ਅਕੈਡਮੀ ਦੀ ਵਿਦਿਆਰਥਣ ਦਾ ਸਕੂਲ ਦੌਰਾਨ ਸੋਚਿਆ ਹੋਇਆ ਸੁਪਨਾ ਹੋਇਆ ਪੂਰਾ ਬਣੀ ਜੱਜ

**ਮਾਛੀਵਾੜਾ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਅਕੈਡਮੀ ਢੀਂਡਸਾ 2011-2012 ਦੀ ਪਾਸ ਆਊਟ ਵਿਦਿਆਰਥਣ ਪ੍ਰਭਜੋਤ ਕੌਰ ਨੇ ਜੱਜ ਦੀ ਉੱਚੀ ਪਦਵੀ ਨੂੰ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਪੂਰੇ ਦੇਸ਼ 'ਚ ਰੌਸ਼ਨ ਕੀਤਾ। ਪ੍ਰਭਜੋਤ ਕੌਰ ਆਪਣੇ ਪਿਤਾ ਸ. ਜਸਵੰਤ ਸਿੰਘ ਅਤੇ ਮਾਤਾ ਸ. ਮਨਜੀਤ ਕੌਰ ਜੀ ਦੇ ਨਾਲ ਪ੍ਰਿੰਸੀਪਲ ਮੈਡਮ ਅਤੇ ਆਪਣੇ ਅਧਿਆਪਕਾਂ ਨੂੰ ਮਿਲਣ ਲਈ ਅਕਾਲ ਅਕੈਡਮੀ ਢੀਂਡਸਾ ਵਿਖੇ ਆਏ।




ਸਕੂਲ ਪਹੁੰਚਣ 'ਤੇ ਪ੍ਰਭਜੋਤ ਕੌਰ ਅਤੇ ਉਸ ਦੇ ਮਾਤਾ-ਪਿਤਾ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਬੈਂਡ ਵਜਾ ਕੇ ਧੂਮ-ਧਾਮ ਨਾਲ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਮੈਡਮ ਅਰਵਿੰਦਰ ਪਾਲ ਕੌਰ ਓਬਰਾਏ ਨੇ ਪ੍ਰਭਜੋਤ ਕੌਰ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪ੍ਰਭਜੋਤ ਕੌਰ ਨੇ ਜੱਜ ਬਣਨ ਦਾ ਸਿਹਰਾ ਪ੍ਰਿੰਸੀਪਲ ਮੈਡਮ, ਸਮੂਹ ਅਧਿਆਪਕਾਂ ਅਤੇ ਆਪਣੇ ਮਾਪਿਆਂ ਨੂੰ ਦਿੱਤਾ।

ਆਪਣੇ ਸਕੂਲ ਵਿੱਚ ਬਿਤਾਏ ਪਲਾਂ ਨੂੰ ਸਾਂਝੇ ਕਰਦਿਆਂ ਨਾਲ ਹੀ ਪ੍ਰਭਜੋਤ ਨੇ ਬੱਚਿਆਂ ਨੂੰ ਵਿਦੇਸ਼ਾਂ 'ਚ ਨਾ ਜਾ ਕੇ ਸਗੋਂ ਆਪਣੇ ਦੇਸ਼ 'ਚ ਹੀ ਰਹਿ ਕੇ ਆਪਣੇ ਦੇਸ਼ ਦਾ ਨਾਮ ਉੱਚਾ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਅਰਵਿੰਦਰਪਾਲ ਕੌਰ ਓਬਰਾਏ, ਸਮੂਹ ਕੋਆਰਡੀਨੇਟਰਜ਼ ਅਤੇ ਅਧਿਆਪਕਾਂ ਨੇ ਪ੍ਰਭਜੋਤ ਕੌਰ ਨੂੰ ਵਧਾਈ ਦਿੰਦਿਆਂ ਆਪਣੀ ਪਦਵੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

# ਹੋਲਾ ਮਹੱਲਾ ਮੌਕੇ ਸੁਰੱਖਿਆ ਦੇ ਹੋਣਗੇ ਪੁਖਤਾ ਪ੍ਰਬੰਧ, ਗੈਰ ਸਮਾਜੀ ਅਨਸਰਾਂ ਤੇ ਰਹੇਗੀ ਤਿੱਖੀ ਨਜ਼ਰ- ਗੁਲਨੀਤ ਸਿੰਘ ਖੁਰਾਨ

**ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਲਨੀਤ ਸਿੰਘ ਖੁਰਾਨਾ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਨੇ ਕਿਹਾ ਹੈ ਕਿ ਹੋਲਾ ਮਹੱਲਾ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ, ਗੈਰ ਸਮਾਜੀ ਅਨਸਰਾਂ ਤੇ ਪੁਲਿਸ ਦੀ ਤਿੱਖੀ ਨਜ਼ਰ ਰਹੇਗੀ। ਮੇਲਾ ਖੇਤਰ ਵਿੱਚ ਸੁਚਾਰੂ ਟ੍ਰੈਫਿਕ ਵਿਵਸਥਾ ਯਕੀਨੀ ਬਣਾਈ ਜਾਵੇਗੀ, ਬਾਹਰਲੇ ਰਾਜਾਂ ਤੇ ਹੋਰ ਜਿਲ੍ਹਿਆਂ ਤੋਂ ਆਉਣ ਜਾਣ ਵਾਲੇ ਵਾਹਨ ਚਾਲਕਾਂ ਲਈ ਬਦਲਵੇ ਰੂਟ ਤਿਆਰ ਕੀਤੇ ਗਏ ਹਨ, ਤਾ ਜੋ ਨਿਰਵਿਘਨ ਆਵਾਜਾਈ ਬਹਾਲ ਰਹੇ। ਅੱਜ ਸ੍ਰੀ ਦਸਮੇਸ਼ ਮਾਰਸ਼ਲ ਅਕੈਡਮੀ ਵਿਖੇ ਅਧਿਕਾਰੀਆਂ ਨਾਲ ਵਿਸੇਸ਼ ਦੌਰੇ ਤੇ ਪਹੁੰਚੇ ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਨੇ ਕਿਹਾ ਕਿ ਹੋਲਾ ਮਹੱਲਾ ਕੀਰਤਪੁਰ ਸਾਹਿਬ ਵਿਚ 21 ਤੋ 23 ਮਾਰਚ ਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ 24 ਤੋ 26 ਮਾਰਚ ਤੱਕ ਮਨਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਕੰਟਰੋਲ ਰੂਮ 24/7 ਕਾਰਜਸ਼ੀਲ ਹੋਣਗੇ, ਸਮੁੱਚੇ ਮੇਲਾ ਖੇਤਰ ਨੂੰ ਸੈਕਟਰਾਂ ਵਿਚ ਵੰਡਿਆ ਗਿਆ ਹੈ, ਹਰ ਸੈਕਟਰ ਵਿਚ ਅਧਿਕਾਰੀ ਤੈਨਾਤ ਹੋਵੇਗਾ, ਵਾਚ ਟਾਵਰ ਲਗਾਏ ਜਾਣਗੇ,ਸ਼ਰਧਾਲੂਆ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਨੇ ਸਮੁੱਚੇ ਮੇਲੇ ਖੇਤਰ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ, ਐਸ.ਪੀ ਰਾਜਪਾਲ ਸਿੰਘ ਹੁੰਦਲ, ਡੀ.ਐਸ.ਪੀ ਅਜੇ ਸਿੰਘ, ਕਾਰਜਕਾਰੀ ਇੰ.ਦਵਿੰਦਰ ਕੁਮਾਰ, ਐਸ.ਡੀ.ਓ ਵਿਵੇਕ ਦੁਰੇਜਾ, ਐਸ.ਐਚ.ਓ ਹਿੰਮਤ ਸਿੰਘ ਹਾਜ਼ਰ ਸਨ।

# ਦਿਵਿਆਂਗ ਵਿਅਕਤੀਆਂ ਦੇ ਬਣਾਏ ਗਏ ਯੂ.ਡੀ.ਆਈ.ਡੀ ਕਾਰਡ: ਡਾ.ਚਰਨਜੀਤ ਕੁਮਾਰ

**ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਵਿਸ਼ੇਸ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਰੂਪਨਗਰ ਤੋਂ ਅੱਖਾਂ,ਕੰਨਾਂ,ਦਿਮਾਗੀ, ਹੱਡੀਆ ਦੇ ਮਾਹਰ ਡਾਕਟਰਾਂ ਨੇ ਮੌਕੇ ਤੇ ਹੀ ਚੈਕਅਪ ਕੀਤਾ ਅਤੇ ਰਜਿਸਟ੍ਰੇਸ਼ਨ ਕੀਤੀ।



ਇਹ ਕੈਂਪ ਡਾ.ਮਨੂੰ ਵਿਜ ਸਿਵਲ ਸਰਜਨ ਰੂਪਨਗਰ ਦੀ ਅਗਵਾਈ ਵਿਚ ਅਤੇ ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ ਸ ਡਵੀਜਨ ਹਸਪਤਾਲ ਨੰਗਲ ਦੀ ਨਿਗਰਾਨੀ ਵਿਚ ਲਗਾਇਆ ਗਿਆ।

ਉਨ੍ਹਾਂ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਦਿਵਿਆਂਗ ਵਿਅਕਤੀਆਂ ਅਤੇ ਹੋਰਾਂ ਦੀ ਰਜਿਸਟ੍ਰੇਸ਼ਨ ਕਰਕੇ ਉਨ੍ਹਾਂ ਦੀ ਅਸਮਰੱਥਾ ਮੁਤਾਬਿਕ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਹਨ। ਜਿਸ ਦੇ ਲਈ ਵਿਅਕਤੀ ਨੂੰ ਸਬੰਧਿਤ ਮਾਹਰ ਡਾਕਟਰ ਤੋਂ ਆਪਣਾ ਚੈਕਅਪ ਕਰਵਾ ਕੇ ਟੈਸਟ ਰਿਪੋਰਟ ਲਈ ਜਾਂਦੀ ਹੈ। ਜਿਸ ਦੇ ਅਧਾਰ ਤੇ ਉਸ ਦਾ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਰਾਹੀ ਸਰਟੀਫਿਕੇਟ ਬਣਾਇਆ ਜਾਂਦਾ ਹੈ, ਜੋ ਉਸ ਦੇ ਦਿਵਿਆਂਗ ਹੋਣ ਨੂੰ ਤਸਦੀਕ ਕਰਦਾ ਹੈ ਅਤੇ ਦਿਵਿਆਂਗ ਵਿਅਕਤੀ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਦਾ ਲਾਭ ਲੈ ਸਕਦਾ ਹੈ। ਮੌਜੂਦਾ ਹਾਲਾਤ ਵਿਚ ਇਸ ਲਈ ਯੂ.ਡੀ.ਆਈ.ਡੀ ਕਾਰਡ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ, ਜੋ ਕਿ ਆਨਲਾਈਨ ਵੀ ਉਪਲੱਬਧ ਹੈ। ਦਿਵਿਆਂਗ ਵਿਅਕਤੀਆਂ ਨੂੰ ਸਹੂਲਤਾ ਦੇਣ ਲਈ ਪੰਜਾਬ ਸਰਕਾਰ ਵਲੋਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ, ਕਿ ਉਨ੍ਹਾਂ ਦੇ ਦਿਵਿਆਂਗਤਾ ਨੂੰ ਪ੍ਰਮਾਣਿਤ ਕਰਦੇ ਸਰਟੀਫਿਕੇਟ ਵਿਸ਼ੇਸ ਕੈਂਪ ਲਗਾ ਕੇ ਉਨ੍ਹਾਂ ਦੇ ਘਰਾਂ ਦੇ ਨੇੜੇ ਦੇ ਸਿਹਤ ਕੇਂਦਰਾਂ ਵਿਚ ਬਣਾਏ ਜਾਣ ਤਾ ਜੋ ਉਨ੍ਹਾਂ ਨੂੰ ਬੇਲੋੜੀ ਖੱਜਲ ਖੁਆਰੀ ਤੋ ਵੀ ਬਚਾਇਆ ਜਾ ਸਕੇ। ਅੱਜ ਦੇ ਇਸ ਕੈਂਪ ਵਿਚ 03 ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਜਿਨ੍ਹਾ ਦਾ ਡਾਕਟਰਾਂ ਨੇ ਮੋਕੇ ਤੇ ਹੀ ਚੈਕਅਪ ਕਰਕੇ ਰਿਪੋਰਟ ਤਿਆਰ ਕੀਤੀ।

# ਆਨਲਾਈਨ ਜਾਬ ਫਰਾਡ ਰੈਕੇਟ: ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਆਸਾਮ ਤੋਂ ਚਾਰ ਸਾਈਬਰ ਧੋਖੇਬਾਜ਼ਾਂ ਨੂੰ ਕੀਤਾ ਗ੍ਰਿਫਤਾਰ

➢ ਭਰੋਸਾ ਹਾਸਲ ਕਰਨ ਲਈ ਛੋਟੇ-ਮੋਟੇ ਕੰਮ ਕਰਨ ਲਈ ਪੀੜਤਾਂ ਨੂੰ ਦਿੰਦੇ ਸਨ ਪੈਸੇ : ਡੀਜੀਪੀ ਗੌਰਵ ਯਾਦਵ

➢ ਮੁੱਢਲੀ ਜਾਂਚ ਅਨੁਸਾਰ ਵਿਦੇਸ਼ ਬੈਠੇ ਸਰਗਨਾ ਕ੍ਰਿਪਟੋਕਰੰਸੀ ਰਾਹੀਂ ਪ੍ਰਾਪਤ ਕਰ ਰਹੇ ਸਨ ਪੈਸੇ : ਏਡੀਜੀਪੀ ਵੀ. ਨੀਰਜਾ

**ਚੰਡੀਗੜ੍ਹ, 23 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਅਸਾਮ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਚਾਰ ਸਾਈਬਰ ਅਪਰਾਧੀਆਂ ਨੂੰ ਗ੍ਰਿਫਤਾਰ ਕਰਕੇ ਇੱਕ ਅੰਤਰਰਾਸ਼ਟਰੀ ਆਨਲਾਈਨ ਜੌਬ ਫਰਾਡ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦਿੱਤੀ। ਇਹ ਗਿਰੋਹ ਦੇ 'ਟੈਲੀਗ੍ਰਾਮ ' ਮੋਬਾਈਲ ਐਪ ਦੇ ਗਰੁੱਪਾਂ ਦੀ ਵਰਤੋਂ ਕਰਕੇ ਵਰਕ ਫਰਾਮ ਹੋਮ "ਦੀਆਂ ਨੌਕਰੀਆਂ ਦੀ ਪੇਸ਼ਕਸ਼ ਕਰਕੇ ਭੋਲੇ-ਭਾਲੇ ਵਿਅਕਤੀਆਂ ਨੂੰ ਆਪਣੇ ਜਾਲ ਵਿੱਚ ਫਸਾਉਂਦਾ ਸੀ। ਡੀਜੀਪੀ ਨੇ ਦੱਸਿਆ ਕਿ ਇਸ ਗਿਰੋਹ ਦੇ ਮੈਂਬਰ ਭਰੋਸਾ ਹਾਸਲ ਕਰਨ ਲਈ ਪਹਿਲਾਂ ਪੀੜਤਾਂ ਨੂੰ ਛੋਟੇ-ਮੋਟੇ ਕੰਮ ਕਰਨ ਬਦਲੇ ਥੋੜ੍ਹੀ ਜਿਹੀ ਰਕਮ ਅਦਾ ਕਰਦੇ ਸਨ। ਬਾਅਦ ਵਿੱਚ, ਪੀੜਤ ਨੂੰ ਵੱਡੀ ਰਕਮ ਵਾਪਸ ਕਰਨ ਦਾ ਲਾਲਚ ਦੇ ਕੇ ਵੱਖ-ਵੱਖ ਬਹਾਨਿਆਂ ਨਾਲ ਪੈਸੇ ਠੱਗਦੇ ਸਨ। ਉਨ੍ਹਾਂ ਕਿਹਾ ਕਿ ਇਹਨਾਂ ਗ੍ਰਿਫਤਾਰੀਆਂ ਨਾਲ ਪੰਜਾਬ ਪੁਲਿਸ ਨੇ ਪੂਰੇ ਦੇਸ਼ ਵਿੱਚ ਵੱਡੇ ਪੱਧਰ 'ਤੇ ਫੈਲੇ ਸਾਈਬਰ ਧੋਖਾਧੜੀ ਗਠਜੋੜ ਨੂੰ ਨੱਥ ਪਾਉਣ ਲਈ ਵੱਡੀ ਪੁਲਾਂਘ ਪੁੱਟੀ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਹੀਰੁਲ ਇਸਲਾਮ, ਰਫੀਉਲ ਇਸਲਾਮ, ਮਹਿਬੂਬ ਆਲਮ ਅਤੇ ਅਜ਼ੀਜ਼ੁਰ ਰਹਿਮਾਨ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਦੋ ਸਵਾਈਪ ਮਸ਼ੀਨਾਂ, ਦੋ ਬਾਇਓਮੈਟ੍ਰਿਕ ਸਕੈਨਰ, ਇੱਕ ਆਈ ਸਕੈਨਰ, ਇੱਕ ਫਿੰਗਰਪ੍ਰਿੰਟ ਸਕੈਨਰ, 38 ਪੈਨ ਕਾਰਡ, 32 ਡੈਬਿਟ/ਕ੍ਰੈਡਿਟ ਕਾਰਡ, 16 ਸਿਮ ਕਾਰਡ, 10 ਵੋਟਰ ਕਾਰਡ, 9 ਆਧਾਰ ਕਾਰਡ, 10 ਬੈਂਕ ਖਾਤੇ ਦੀਆਂ ਪਾਸਬੁੱਕਾਂ/ਚੈੱਕਬੁੱਕਾਂ ,ਪੰਜ ਸਰਕਾਰੀ ਰਸੀਦੀ ਟਿਕਟਾਂ, ਪੰਜ ਮੋਬਾਈਲ ਫ਼ੋਨ, ਇੱਕ ਲੈਪਟਾਪ, ਦੋ ਪੈਨ ਡਰਾਈਵਾਂ ਅਤੇ ਇੱਕ ਐਸਬੀਆਈ ਆਈਡੀ ਕਾਰਡ ਬਰਾਮਦ ਕੀਤਾ ਹੈ। ਏਡੀਜੀਪੀ ਸਾਈਬਰ ਕ੍ਰਾਈਮ ਵੀ. ਨੀਰਜਾ ਨੇ ਦੱਸਿਆ ਕਿ ਧੋਖੇਬਾਜ਼ਾਂ ਦੁਆਰਾ 25 ਲੱਖ ਰੁਪਏ ਦੀ ਠੱਗੀ ਦਾ ਸ਼ਿਕਾਰ ਹੋਈ ਇੱਕ ਔਰਤ ਦੀ ਸ਼ਿਕਾਇਤ ਤੋਂ ਬਾਅਦ, ਐਸਆਈ ਜੁਝਾਰ ਸਿੰਘ ਜੰਜੂਆ ਅਤੇ ਐਸਆਈ ਦਵਿੰਦਰ ਕਾਸ਼ਨੀ ਦੀ ਅਗਵਾਈ ਵਿੱਚ ਸਾਈਬਰ ਕ੍ਰਾਈਮ ਟੀਮ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਪਾਇਆ ਕਿ ਇਹ ਗਿਰੋਹ ਅਸਾਮ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਚਲਾਇਆ ਜਾ ਰਿਹਾ ਸੀ।




ਆਪ੍ਰੇਸ਼ਨ ਦੌਰਾਨ, ਮੁਲਜ਼ਮ ਜਹੀਰੁਲ ਇਸਲਾਮ ਅਤੇ ਰਫੀਉਲ ਇਸਲਾਮ ਨੂੰ ਆਸਾਮ ਦੇ ਨਗਾਓਂ ਜ਼ਿਲੇ ਤੋਂ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਨੇ ਖੁਲਾਸਾ ਕੀਤਾ ਕਿ ਉਹ ਆਨਲਾਈਨ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਕਸਟਮਰ ਸਰਵਿਸਿਜ਼ ਪੁਆਇੰਟ (ਸੀਐਸਪੀ) ਚਲਾ ਰਹੇ ਸਨ ਅਤੇ ਸੁਖਾਲੇ ਢੰਗ ਨਾਲ ਪੈਸੇ ਕਮਾਉਣ ਲਈ ਉਹ ਆਮ ਲੋਕਾਂ ਦੇ ਦਸਤਾਵੇਜ਼ਾਂ ਦੇ ਅਡੋਬ ਫੋਟੋਸ਼ਾਪ ਸਾਫਟਵੇਅਰ ਦੀ ਵਰਤੋਂ ਕਰਕੇ ਡੁਪਲੀਕੇਟ ਪੈਨ ਕਾਰਡ, ਵੋਟਰ ਕਾਰਡ, ਆਧਾਰ ਕਾਰਡ ਬਣਾਉਂਦੇ ਸਨ, ਜਿਨ੍ਹਾਂ ਦੀ ਵਰਤੋਂ ਉਨ੍ਹਾਂ ਨੇ ਬੈਂਕ ਖਾਤੇ ਖੋਲ੍ਹਣ ਅਤੇ ਇਕ ਹੋਰ ਦੋਸ਼ੀ ਮਹਿਬੂਬ ਆਲਮ ਦੇ ਨਿਰਦੇਸ਼ਾਂ 'ਤੇ ਸਿਮ ਕਾਰਡ ਪ੍ਰਾਪਤ ਕਰਨ ਲਈ ਕੀਤੀ ਸੀ।

ਏਡੀਜੀਪੀ ਨੇ ਕਿਹਾ ਕਿ ਇਸ ਤੋਂ ਬਾਅਦ ਮਹਿਬੂਬ ਆਲਮ ਨੂੰ ਗੁਹਾਟੀ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਿਸ ਨੇ ਖੁਲਾਸਾ ਕੀਤਾ ਕਿ ਉਹ ਅਜ਼ੀਜ਼ੁਰ ਰਹਿਮਾਨ ਦੇ ਸੰਪਰਕ ਵਿੱਚ ਆਇਆ ਸੀ, ਜਿਸ ਨੇ ਉਸ ਨੂੰ ਕਮਿਸ਼ਨ ਦੇ ਆਧਾਰ 'ਤੇ ਬੈਂਕ ਖਾਤੇ ਮੁਹੱਈਆ ਕਰਵਾਉਣ ਲਈ ਕਿਹਾ ਸੀ। ਪੁਲਿਸ ਟੀਮਾਂ ਨੇ ਆਸਾਮ ਦੇ ਮੋਰੀਗਾਂਵ ਜ਼ਿਲ੍ਹੇ ਤੋਂ ਮੁਲਜ਼ਮ ਅਜ਼ੀਜ਼ੁਰ ਰਹਿਮਾਨ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਹੋਰ ਵੇਰਵਿਆਂ ਨੂੰ ਸਾਂਝੇ ਕਰਦੇ ਹੋਏ ਡੀ.ਆਈ.ਜੀ. ਸਾਈਬਰ ਕ੍ਰਾਈਮ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹੁਣ ਤੱਕ 23 ਰਾਜਾਂ ਦੇ 160 ਪੀੜਤਾਂ ਨਾਲ ਧੋਖਾਧੜੀ ਕੀਤੀ ਗਈ ਹੈ ਅਤੇ ਅਗਲੇਰੀ ਜਾਂਚ ਦੌਰਾਨ ਹੋਰ ਪੀੜਤਾਂ ਦੀ ਪਛਾਣ ਹੋਣ ਦੀ ਸੰਭਾਵਨਾ ਹੈ।

ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਮੁੱਖ ਸਰਗਨਾ, ਜੋ ਵਿਦੇਸ਼ਾਂ ਤੋਂ ਇਸ ਧੋਖਾਧੜੀ ਦੇ ਰੈਕੇਟ ਨੂੰ ਚਲਾ ਰਹੇ ਹਨ, ਕ੍ਰਿਪਟੋਕਰੰਸੀ ਵਿੱਚ ਪੈਸੇ ਪ੍ਰਾਪਤ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਡੀਐਸਪੀ ਸਾਈਬਰ ਕ੍ਰਾਈਮ, ਪ੍ਰਭਜੋਤ ਕੌਰ ਵੱਲੋਂ ਹੋਰ ਜਾਂਚ ਕੀਤੀ ਜਾ ਰਹੀ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਆਸ ਹੈ।

ਇਸ ਸਬੰਧੀ ਇੱਕ ਕੇਸ ਨੰ. 29 ਮਿਤੀ 13/10/2023 ਨੂੰ ਐਸ.ਏ.ਐਸ. ਨਗਰ ਵਿਖੇ ਸਟੇਟ ਸਾਈਬਰ ਕ੍ਰਾਈਮ ਵਿਖੇ ਆਈ.ਪੀ.ਸੀ. ਦੀ ਧਾਰਾ 420 ਅਤੇ 120-ਬੀ ਦੇ ਤਹਿਤ ਦਰਜ ਕੀਤਾ ਗਿਆ ਹੈ।

# ਜੰਗਲਾਤ ਵਰਕਰਜ਼ ਯੂਨੀਅਨ ਦੀ ਹੋਈ ਵੱਡੀ ਜਿੱਤ; ਛਾਂਟੀ ਕੀਤੇ ਕਾਮੇ ਕਰਵਾਏ ਬਹਾਲ



ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1406/22ਬੀ) ਚੰਡੀਗੜ੍ਹ ਨਾਲ ਸਬੰਧਤ ਹੱਕ ਸੱਚ ਦੀ ਲੜਾਈ ਲੜਨ ਵਾਲੀ ਜੰਗਲਾਤ ਕਾਮਿਆਂ ਦੀ ਇਕੋ-ਇਕ ਸਿਰਮੌਰ ਜੱਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੌਜਾ, ਸ਼ੇਰ ਸਿੰਘ ਸਰਹਿੰਦ ਦੀ ਅਗਵਾਈ ਹੇਠ ਪਿਛਲੇ 4 ਜਨਵਰੀ 2024 ਤੋ ਵਣ ਵਿਭਾਗ ਮੰਡਲ ਪਟਿਆਲਾ ਦੇ ਵਣ ਮੰਡਲ ਅਫਸਰ ਵਲੋਂ ਵੱਡੀ ਪੱਧਰ ਤੇ 5-5 ਸਾਲ ਤੋਂ ਵਿਭਾਗ ਵਿਚ ਕੰਮ ਕਰਦੇ ਵਰਕਰਾਂ ਦੀ ਛਾਂਟੀ ਕੀਤੀ ਗਈ ਸੀ। ਅੱਜ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸਾਥੀਆਂ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਉਨ੍ਹਾਂ ਦਾ ਸੰਘਰਸ਼ ਲਗਾਤਾਰ 45 ਦਿਨ ਵਿਚ ਪਹੁੰਚਣ ਤੇ ਵਣ ਮੰਡਲ ਅਫਸਰ ਪਟਿਆਲਾ ਵੱਲੋਂ ਛਾਂਟੀ ਕੀਤੇ ਸਾਰੇ ਵਰਕਰਾਂ ਨੂੰ ਦੁਆਰਾ ਕੰਮ ਤੇ ਲਾਇਆ ਗਿਆ ਅਤੇ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਆਗੂਆਂ ਨੂੰ ਵਣ ਮੰਡਲ ਅਫਸਰ ਪਟਿਆਲਾ ਵਲੋ ਭਰੋਸਾ ਦਿਵਾਇਆ ਗਿਆ ਕੀ ਕਿਸੇ ਵੀ ਜੰਗਲਾਤ ਕਾਮੇ ਦਾ ਵਿੱਤੀ ਨੁਕਸਾਨ ਨਹੀ ਹੋਵੇਗਾ। ਜਗਤਾਰ ਸਿੰਘ ਨਾਭਾ, ਜੋਗਾ ਸਿੰਘ ਵਜੀਦਪੁਰ, ਨਰੇਸ ਕੁਮਾਰ ਬੋਸਰ, ਜਸਵੰਤ ਸਿੰਘ ਸਰਹਿੰਦ ਅਤੇ ਭਿੰਦਰ ਸਿੰਘ ਘੱਗਾ ਨੇ ਕਿਹਾ ਕੀ ਵਣ ਵਿਭਾਗ ਵਿਚ ਪਿਛਲੇ 5-5 ਸਾਲਾਂ ਤੋਂ ਡੇਲੀਵੇਜ਼ ਕਾਮਿਆਂ ਨੂੰ ਬਿਨ੍ਹਾਂ ਨੋਟਿਸ ਕੰਮ ਤੋ ਹਟਾਇਆ ਗਿਆ। ਹੁਣ ਜੰਗਲਾਤ ਦੇ ਕਾਮਿਆਂ ਨੂੰ ਦੁਆਰਾ ਕੰਮ ਤੇ ਲਗਾਉਣਾ ਵੀ ਜਥੇਬੰਦੀ ਦੀ ਵੱਡੀ ਜਿੱਤ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ ਦੇ ਆਗੂ ਦਰਸ਼ਨ ਸਿੰਘ ਬੇਲੂਮਾਜਰਾ, ਲਖਵਿੰਦਰ ਸਿੰਘ ਖਾਨਪੁਰ, ਜਸਵੀਰ ਸਿੰਘ ਖੋਖਰ, ਰਾਜਿੰਦਰ ਧਾਲੀਵਾਲ ਅਤੇ ਹਰਵੀਰ ਸਿੰਘ ਸਨਾਮ ਨੇ ਕਿਹਾ ਕੀ ਵਣ ਵਿਭਾਗ ਦੇ ਆਧਿਕਾਰੀਆ ਨੂੰ ਜੰਗਲਾਤ ਕਾਮਿਆਂ ਦੀਆ ਮੰਗਾ ਸਬੰਧੀ ਮੰਗ ਪੱਤਰ ਸੌਂਪਿਆ ਗਿਆ ਫੈਡਰੇਸਨ ਦੇ ਆਗੂਆਂ ਨੇ ਕਿਹਾ ਕੀ ਜੇਕਰ ਵਣ ਵਿਭਾਗ ਦੇ ਆਧਿਕਾਰੀਆ ਨੇ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਤਾਂ ਆਉਣ ਵਾਲੀ 12ਮਾਰਚ 2024ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੇ ਸਹਿਯੋਗ ਨਾਲ ਵਣ ਮੰਡਲ ਅਫ਼ਸਰ ਪਟਿਆਲਾ ਦੇ ਦਫ਼ਤਰ ਅੱਗੇ ਰੋਸ ਰੈਲੀ ਕਰਨ ਉਪਰੰਤ ਫਿਰ ਤੋਂ ਪੱਕਾ ਮੋਰਚਾ ਸੁਰੂ ਕੀਤਾ ਜਾਵੇਗਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸਮਸ਼ੇਰ ਸਿੰਘ, ਬਲਵੀਰ ਖਾਨ, ਸਵਰਨਜੀਤ ਸਿੰਘ ਚਨਾਰਥਲ, ਗੁਰਮੇਲ ਸਿੰਘ ਸਮਾਣਾ, ਹਰਮੇਸ ਸਿੰਘ ਨਾਭਾ ਆਦਿ ਹਾਜ਼ਰ ਸਨ।

# ਵਿਧਾਇਕ ਵੱਲੋਂ ਗੜ੍ਹਿਆਂ ਨਾਲ ਨੁਕਸਾਨੀ ਫ਼ਸਲ ਦਾ ਜਾਇਜ਼ਾ



ਗੜੇਮਾਰੀ ਨਾਲ ਖ਼ਰਾਬ ਹੋਈਆਂ ਫ਼ਸਲਾਂ ਦਾ ਜਾਇਜ਼ਾ ਲੈਂਦੇ ਹੋਏ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ।

ਪਾਤੜਾਂ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇਲਾਕੇ ਵਿੱਚ ਪਿਛਲੇ ਦਿਨੀਂ ਹੋਈ ਬਰਸਾਤ ਅਤੇ ਭਾਰੀ ਗੜੇਮਾਰੀ ਨਾਲ ਕਈ ਪਿੰਡਾਂ ਵਿੱਚ ਫ਼ਸਲਾਂ ਦੇ ਹੋਏ ਭਾਰੀ ਨੁਕਸਾਨ ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪਿੰਡਾਂ ਹਰਿਆਊ ਖੁਰਦ, ਹਰਿਆਊ ਕਲਾਂ, ਜਿਉਣਪੁਰਾ, ਨਿਆਲ, ਬੂਰੜ, ਦਫ਼ਤਰੀ ਵਾਲਾ, ਘੱਗਾ, ਦਿਉਗੜ੍ਹ ਅਤੇ ਅਤਾਲਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰ ਨਾਲ ਗੱਲਬਾਤ ਕਰਕੇ ਹਰ ਸੰਭਵ ਮਦਦ ਕਿਸਾਨਾਂ ਨੂੰ ਦਿਵਾਉਣ ਦਾ ਭਰੋਸਾ ਦਿੱਤਾ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਗੜੇਮਾਰੀ ਨਾਲ ਕਣਕ ਦੀ ਫ਼ਸਲ ਸਮੇਤ ਸਬਜ਼ੀਆਂ ਅਤੇ ਪਸ਼ੂਆਂ ਦੇ ਚਾਰੇ ਦਾ ਵੱਡੇ ਪੱਧਰ ਉੱਤੇ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨ ਹਿਤੈਸ਼ੀ ਹੈ ਅਤੇ ਕਿਸਾਨਾਂ ਦੀ ਹਰ ਦੁੱਖ ਸੁੱਖ ਵਿੱਚ ਸ਼ਾਮਲ ਹੋਣਾ ਸਰਕਾਰ ਦੀ ਪਹਿਲ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਨੁਕਸਾਨੀਆਂ ਗਈਆਂ ਫ਼ਸਲਾਂ ਦਾ ਮੁਆਵਜ਼ਾ ਦਿਵਾਉਣ ਦਾ ਭਰੋਸਾ ਦਿਵਾਇਆ ਹੈ। ਉਨ੍ਹਾਂ ਕਿਹਾ ਹੈ ਕਿ ਦਰਜਨ ਦੇ ਕਰੀਬ ਪਿੰਡਾਂ ਵਿੱਚ ਸੱਤ ਹਜ਼ਾਰ ਏਕੜ ਦੇ ਕਰੀਬ ਫ਼ਸਲਾਂ ਨੂੰ ਗੜੇਮਾਰੀ ਨਾਲ ਨੁਕਸਾਨ ਹੋਇਆ ਹੈ।

ਇਸ ਮੌਕੇ ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਰਪੰਚ ਗੁਲਾਬ ਸਿੰਘ ਹਰਿਆਊ, ਸਾਬਕਾ ਸਰਪੰਚ ਚਰਨਜੀਤ ਸਿੰਘ ਦਿਓਗੜ, ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਤੇਜੀ ਬੂਰੜ, ਰਾਣਾ ਪ੍ਰਤਾਪ ਸਿੰਘ ਹਰਿਆਊ, ਹਿਟਲਰ ਸਿੰਘ ਵਿਰਕ ਤੇ ਮਨਵੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

# ਸ੍ਰੀ ਰਾਧਾਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਾਮਾਟਿਕ ਕਮੇਟੀ ਵੱਲੋਂ ਸ੍ਰੀ ਹਰੀਸ਼ ਪੁਰੀ ਜੀ ਦਿੱਲੀ ਵਾਲਿਆਂ ਦਾ ਕੀਤਾ ਗਿਆ ਜ਼ੋਰਦਾਰ ਸਵਾਗਤ

ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਅੱਜ ਸ੍ਰੀ ਰਾਧਾਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਰਾਮਾਡ੍ਰਾਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਵਿਖੇ ਬਹੁਤ ਹੀ ਧਾਰਮਿਕ ਆਸਥਾ , ਮਰਿਆਦਾ ਅਤੇ ਪ੍ਰਭੂ ਭਗਤੀ ਦੇ ਨਾਲ ਇੱਥੇ ਦੋ ਹੋਰ ਨਵੇਂ ਬਣਾਏ ਗਏ ਮੰਦਿਰਾਂ ਦੇ ਵਿੱਚ ਸ੍ਰੀ ਖਾਟੂ ਸ਼ਿਆਮ ਬਾਬਾ ਜੀ ਅਤੇ ਸ੍ਰੀ ਸਾਲਾਸਰ ਬਾਲਾ ਜੀ ਮਹਾਰਾਜ ਜੀ ਦੀਆਂ ਮੂਰਤੀਆਂ ਅੱਜ ਸਥਾਪਿਤ ਕੀਤੀਆਂ ਗਈਆਂ।

ਇਸ ਮੌਕੇ ਇੱਥੇ ਰਾਤ ਨੂੰ ਵੀ ਇੱਕ ਬਹੁਤ ਵੱਡਾ ਧਾਰਮਿਕ ਪ੍ਰੋਗਰਾਮ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ , ਚੇਅਰਮੈਨ ਸ਼੍ਰੀ ਗੋਪਾਲ ਸ਼ਰਮਾ ਜੀ ਅਤੇ ਹੋਰ ਕਮੇਟੀ ਮੈਂਬਰਾਂ ਦੇ ਸਹਿਯੋਗ ਤੇ ਭਗਤ ਜਨਾਂ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਦੌਰਾਨ ਸ੍ਰੀ ਹਰੀਸ਼ ਪੁਰੀ ਜੀ ਦਿੱਲੀ ਵਾਲਿਆਂ ਦਾ ਇੱਥੇ ਪਹੁੰਚਣ 'ਤੇ ਸਮੂਹ ਕਮੇਟੀ ਮੈਂਬਰਾਂ ਅਤੇ ਕਮੇਟੀ ਦੇ ਪ੍ਰਧਾਨ ਸ਼੍ਰੀ ਲੱਕੀ ਕਪਿਲਾ ਜੀ , ਚੇਅਰਮੈਨ ਸ੍ਰੀ ਗੋਪਾਲ ਸ਼ਰਮਾ ਜੀ ਵਲੋਂ ਫੁੱਲਾਂ ਦੇ ਹਾਰ ਪਾ ਕੇ ਬਹੁਤ ਜ਼ੋਰਦਾਰ ਢੰਗ ਨਾਲ ਵਿਸ਼ੇਸ਼ ਤੌਰ 'ਤੇ ਉਨਾਂ ਦਾ ਸਵਾਗਤ ਕੀਤਾ ਗਿਆ। ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਸ਼੍ਰੀ ਹਰੀਸ਼ ਪੁਰੀ ਜੀ ਦਿੱਲੀ ਵਾਲਿਆਂ ਦਾ ਇੱਥੇ ਨਵੇਂ ਬਣਾਏ ਗਏ ਮੰਦਿਰਾਂ ਵਿੱਚ ਸਥਾਪਿਤ ਕੀਤੀਆਂ ਗਈਆਂ ਮੂਰਤੀਆਂ ਦੀ ਸਥਾਪਨਾ ਦੇ ਸਮੁੱਚੇ ਕਾਰਜ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ ਤੇ ਸਮੂਹ ਕਮੇਟੀ ਮੈਂਬਰ ਇਹਨਾਂ ਦਾ ਦਿਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਨ।

ਇਸ ਮੌਕੇ ਕਮੇਟੀ ਦੇ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ , ਚੇਅਰਮੈਨ ਸ਼੍ਰੀ ਗੋਪਾਲ ਸ਼ਰਮਾ ਜੀ , ਪਵਨ ਕੁਮਾਰ ਚੀਟੂ , ਪਵਨ ਕੁਮਾਰ ਫੋਰਮੈਨ , ਗਗਨ ਗੱਗੂ , ਕਮਲਜੀਤ ਲੱਕੀ , ਮਾਸਟਰ ਸੰਜੀਵ ਧਰਮਾਣੀ , ਵਿਕਾਸ ਸੇਖੜੀ , ਰਕੇਸ਼ ਭੋਲਾ , ਰਘੂਕੁੱਲ ਭੂਸ਼ਣ ਲੰਬਰਦਾਰ ਬਾਸੋਵਾਲ ਕਲੋਨੀ , ਕਾਂਸ਼ੀ ਰਾਮ , ਬਾਬੂ ਗੋਪਾਲ ਕ੍ਰਿਸ਼ਨ , ਸੁਧਾਮਾ ਜੀ , ਪੰਡਿਤ ਰਾਜੇਸ਼ ਨਟਿਆਲ , ਰੋਹਿਤ ਕਪਿਲਾ , ਸ਼੍ਰੀ ਨੈਣਾ ਦੇਵੀ ਟ੍ਰਸਟ ਦੇ ਪ੍ਰਧਾਨ ਸੋਨੂੰ ਜੀ ਆਦਿ ਹਾਜ਼ਰ ਸਨ

# ਸਾਂਸਦ , ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਵਲੋਂ ਸ਼ੋਭਾ ਯਾਤਰਾ ਦੇ ਰਸਤੇ 'ਚ ਤਿਆਰੀਆਂ ਦਾ ਜਾਇਜ਼ਾ



ਜਲੰਧਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਵਲੋਂ 26 ਫਰਵਰੀ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਮੌਕੇ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਲੋਕ ਸਭਾ ਮੈਂਬਰ, ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਵਲੋਂ ਅੱਜ ਸ਼ੋਭਾ ਯਾਤਰਾ ਦੇ ਰਸਤੇ ਦਾ ਦੌਰਾ ਕੀਤਾ ਗਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਜਾਣ ਵਾਲੇ ਸਮੁੱਚੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਸ੍ਰੀ ਗੁਰੂ ਰਵਿਦਾਸ ਧਾਮ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਨਗਰ ਨਿਗਮ ਵਲੋਂ ਸ਼ੋਭਾ ਯਾਤਰਾ ਲਈ ਪੁਖ਼ਤਾ ਇੰਤਜਾਮ ਕੀਤੇ ਗਏ ਹਨ। ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਖੇਤਰਾਂ ਤੋਂ ਹੋ ਕੇ ਜਾਣ ਵਾਲੀ ਸ਼ੋਭਾ ਯਾਤਰਾ ਦੌਰਾਨ ਮਹਿਲਾ ਪੁਲਿਸ ਕਰਮੀਆਂ ਦੀ ਡਿਊਟੀ ਲਗਾਉਣ ਤੋਂ ਇਲਾਵਾ ਸੁਰੱਖਿਆ ਦੇ ਸੁਚੱਜੇ ਪ੍ਰਬੰਧ ਯਕੀਨੀ ਬਣਾਏ ਜਾਣ।

ਉਨ੍ਹਾਂ ਕਿਹਾ ਕਿ ਸ਼ੋਭਾ ਯਾਤਰਾ ਦੌਰਾਨ ਅਵਾਜਾਈ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਣ ਲਈ ਸੁਚੱਜੇ ਪ੍ਰਬੰਧ ਕੀਤੇ ਜਾਣ ਤਾਂ ਜੋ ਸ਼ਰਧਾਲੂਆਂ ਨੂੰ ਸ਼ੋਭਾ ਯਾਤਰਾ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਪੁਲਿਸ ਅਧਿਕਾਰੀਆਂ ਨੂੰ ਇਹ ਵੀ ਕਿਹਾ ਗਿਆ ਕਿ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੰਟਰੋਲ ਰੂਮ ਵੀ ਸਥਾਪਿਤ ਕੀਤੇ ਜਾਣ। ਇਸ ਮੌਕੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਮਹੱਤਵਪੂਰਨ ਚੌਕਾਂ ਵਿੱਚ ਪੁਲਿਸ ਕਰਮਚਾਰੀ ਤਾਇਨਾਤ ਕਰਨ ਤੋਂ ਇਲਾਵਾ ਅਵਾਜਾਈ ਨੂੰ ਸੁਚਾਰੂ ਢੰਗ ਨਾਲ ਚੱਲਦਾ ਰੱਖਣ ਲਈ ਬਦਲਵੇਂ ਰੂਟ ਪਹਿਲਾਂ ਹੀ ਬਣਾਏ ਜਾ ਚੁੱਕੇ ਹਨ ਤਾਂ ਜੋ ਸ਼ੋਭਾ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਪੇਸ਼ ਨਾ ਆਵੇ।

ਇਸ ਤੋਂ ਇਲਾਵਾ ਲੋਕ ਸਭਾ ਮੈਂਬਰ ਅਤੇ ਡਿਪਟੀ ਕਮਿਸ਼ਨਰ ਵਲੋਂ ਨਗਰ ਨਿਗਮ ਜਲੰਧਰ ਨੂੰ ਵੀ ਕਿਹਾ ਗਿਆ ਕਿ ਸਾਫ-ਸਫ਼ਾਈ, ਪੀਣ ਯੋਗ ਪਾਣੀ, ਮੋਬਾਇਲ ਪਖ਼ਾਨੇ ਯੂਨਿਟ ਅਤੇ ਸ਼ੋਭਾ ਯਾਤਰਾ ਦੇ ਰਸਤੇ ਵਿੱਚ ਸਜਾਵਟ ਆਦਿ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਉਨ੍ਹਾਂ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਮੌਕੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮੌਕੇ ਵਿਸ਼ੇਸ਼ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਜਾਣ।

# ਪਲੇਸਮੈਂਟ ਕੈਂਪ 'ਚ 46 ਉਮੀਦਵਾਰਾਂ ਦੀ ਨੌਕਰੀਆਂ ਲਈ ਚੋਣ



ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਲਗਾਏ ਗਏ ਪਲੇਸਮੈਂਟ ਕੈਂਪ

ਜਲੰਧਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਵੀਰਵਾਰ ਨੂੰ ਲਗਾਏ ਗਏ ਪਲੇਸਮੈਂਟ ਕੈਂਪ ਦੌਰਾਨ 46 ਉਮੀਦਵਾਰ ਨੌਕਰੀਆਂ ਲਈ ਚੁਣੇ ਗਏ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਅੱਜ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ ਸੀ, ਜਿਸ ਵਿੱਚ ਪੀ.ਐਨ.ਬੀ. ਮੈਟ ਲਾਈਫ਼, ਕੋਟਕ ਮਹਿੰਦਰਾ, ਯੂਨੀਕ ਕਰੀਅਰ, ਬੋਸ ਇੰਟਰਨੈਸ਼ਨਲ ਅਤੇ ਸਵੀਗੀ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 73 ਉਮੀਦਵਾਰਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇੰਟਰਵਿਊ ਦੌਰਾਨ ਕੰਪਨੀਆਂ ਵੱਲੋਂ 46 ਉਮੀਦਵਾਰਾਂ ਦੀ ਨੌਕਰੀਆਂ ਲਈ ਚੋਣ ਕੀਤੀ ਗਈ।

ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕਿਆਂ ਦਾ ਲਾਭ ਲੈਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਡੀ.ਬੀ.ਈ.ਈ. ਦੇ ਦਫ਼ਤਰ ਵਿਖੇ ਪਹੁੰਚ ਕਰਨ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਰਾਬਤਾ ਕਰਨ ਦੀ ਅਪੀਲ ਵੀ ਕੀਤੀ।

# ਸੰਸਦ ਮੈਂਬਰ ,ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਵਲੋਂ ਸਿਵਲ ਹਸਪਤਾਲ ਵਿਖੇ ਲੋੜਵੰਦਾਂ ਲਈ ਮੁਫ਼ਤ ਖਾਣੇ ਦੀ ਸ਼ੁਰੂਆਤ

ਜਲੰਧਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਸਿਵਲ ਹਸਪਤਾਲ ਜਲੰਧਰ ਵਿਖੇ ਇਲਾਜ ਲਈ ਆਉਣ ਵਾਲੇ ਲੋੜਵੰਦ ਲੋਕਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਦਿਆਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਵਲੋਂ ਅੱਜ ਹਸਪਤਾਲ ਦੇ ਅੰਦਰ ਲੋਕਾਂ ਲਈ ਮੁਫ਼ਤ ਖਾਣੇ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਬੋਲਦਿਆਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਮੁਫ਼ਤ ਖਾਣੇ ਦੀ ਸ਼ੁਰੂਆਤ ਨਾਲ ਲੋੜਵੰਦ ਲੋਕਾਂ ਨੂੰ ਪੌਸ਼ਟਿਕ ਖਾਣਾ ਮਿਲਣ ਵਿੱਚ ਮਦਦ ਕਰੇਗੀ। ਉਨ੍ਹਾਂ ਜ਼ਿਕਰ ਕੀਤਾ ਕਿ ਓਮ ਆਸ਼ਾ ਚੈਰੀਟੇਬਲ ਟਰੱਸਟ ਵਲੋਂ ਇਹ ਸੇਵਾ ਨਿਭਾਈ ਜਾ ਰਹੀ ਹੈ ਜਿਸ ਤਹਿਤ ਲੋਕਾਂ ਨੂੰ ਬਿਨ੍ਹਾਂ ਕਿਸੇ ਪੈਸੇ ਦੇ ਮੁਫ਼ਤ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਵਲੋਂ ਇਥੇ ਮੁਹੱਈਆ ਕਰਵਾਏ ਜਾ ਰਹੇ ਖਾਣੇ ਦੀ ਗੁਣਵੱਤਾ 'ਤੇ ਤਸੱਲੀ ਦਾ ਵੀ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋੜਵੰਦ ਲੋਕਾਂ ਲਈ ਪੂਰੇ ਹਫ਼ਤੇ ਮੁਫ਼ਤ ਖਾਣੇ ਦੀ ਸਹੂਲਤ ਜਾਰੀ ਰਹੇਗੀ।ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਇਸ ਪਹਿਲ ਤਹਿਤ ਐਨ.ਜੀ.ਓ. ਨਾਲ ਸਮਝੌਤਾ ਕੀਤਾ ਗਿਆ ਹੈ ਅਤੇ ਐਨ.ਜੀ.ਓ ਦੇ ਮੁਖੀ ਹਵੇਲੀ ਗਰੁੱਪ ਦੇ ਸਤੀਸ਼ ਜੈਨ ਦੀ ਇਸ ਨੇਕ ਕਾਜ ਲਈ ਭਰਪੂਰ ਸ਼ਲਾਘਾ ਕੀਤੀ ਗਈ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ ਹੈ। ਉਨ੍ਹਾਂ ਹੋਰਨਾਂ ਐਨ.ਜੀ.ਓਜ਼ ਨੂੰ ਵੀ ਅਪੀਲ ਕੀਤੀ ਕਿ ਲੋੜਵੰਦ ਤੇ ਗਰੀਬ ਲੋਕਾਂ ਦੀ ਸਹਾਇਤਾ ਲਈ ਨੇਕ ਕਾਜ ਵਿੱਚ ਵੱਧ ਚੜ੍ਹ ਕੇ ਅੱਗੇ ਆਉਣ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਨੇਕ ਕਾਜ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਐਸ.ਡੀ.ਐਮ. ਡਾ.ਜੈ ਇੰਦਰ ਸਿੰਘ, ਬਲਬੀਰ ਰਾਜ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

# ਪੁਸਤਕ ਮੇਲਾ: ਪੰਜਾਬੀ ਚਿੰਤਕਾਂ ਤੇ ਕਵੀਆਂ ਨੇ ਰੰਗ ਬੰਨ੍ਹਿਆ




ਅੰਮ੍ਰਿਤਸਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖਾਲਸਾ ਕਾਲਜ ਵਿੱਚ 'ਸਾਹਿਤ ਉਤਸਵ ਅਤੇ ਪੁਸਤਕ ਮੇਲੇ' ਦੇ ਅੱਜ ਦੂਸਰੇ ਦਿਨ ਪੰਜਾਬੀ ਸਿੱਖਿਆ, ਸ਼ਾਇਰੀ ਅਤੇ ਪੰਜਾਬੀ ਗਾਇਕ ਪੰਮੀ ਬਾਈ ਨੇ ਰੰਗ ਬੰਨ੍ਹਿਆ। ਦੂਸਰੇ ਦਿਨ ਦੇ ਪਹਿਲੇ ਸੈਸ਼ਨ 'ਚ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਗੁਰਮੁਖ ਸਿੰਘ, ਦਿੱਲੀ ਯੂਨੀਵਰਸਿਟੀ ਤੋਂ ਡਾ. ਕੁਲਵੀਰ ਗੋਜਰਾ ਅਤੇ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ ਤੋਂ ਡਾ. ਨਰੇਸ਼ ਕੁਮਾਰ, ਡਾ. ਪਰਮਜੀਤ ਸਿੰਘ ਢੀਂਗਰਾ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਭਾਗ ਲੈਂਦਿਆਂ ਪੰਜਾਬੀ ਦੀ ਉਚੇਰੀ ਸਿੱਖਿਆ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਵਿਚਾਰ ਵਟਾਂਦਰਾ ਕੀਤਾ।

ਇਸ ਮੌਕੇ ਕਾਲਜ ਵੱਲੋਂ ਐੱਮ.ਏ. ਸ਼ੁਰੂ ਹੋਣ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਕਾਲਜ 1949 'ਚ ਸਭ ਤੋਂ ਪਹਿਲਾਂ ਐੱਮ.ਏ. ਪੰਜਾਬੀ ਸ਼ੁਰੂ ਕਰਨ ਵਾਲੀ ਸੰਸਥਾ ਹੈ। ਇਸ ਮਗਰੋਂ ਪੰਜਾਬੀ ਕਵੀ ਦਰਬਾਰ ਮੌਕੇ ਮੁੱਖ ਮਹਿਮਾਨ ਪਦਮਸ੍ਰੀ ਡਾ. ਸੁਰਜੀਤ ਪਾਤਰ ਅਤੇ ਵਿਸ਼ੇਸ਼ ਮਹਿਮਾਨ ਪ੍ਰਧਾਨ ਲੋਕ ਮੰਚ ਪੰਜਾਬ ਸੁਰਿੰਦਰ ਸੁੰਨੜ ਪਹੁੰਚੇ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਡਾ. ਲਖਵਿੰਦਰ ਜੌਹਲ ਅਤੇ ਸੰਚਾਲਨ ਸੁਸ਼ੀਲ ਦੁਸਾਂਝ ਨੇ ਕੀਤਾ।

ਕਵੀ ਦਰਬਾਰ 'ਚ ਰਵਿੰਦਰ ਸਹਿਰਾਅ (ਅਮਰੀਕਾ), ਪਰਮਿੰਦਰ ਸੋਢੀ (ਜਾਪਾਨ), ਇੰਦਰਜੀਤ ਸਿੰਘ ਪੁਰੇਵਾਲ (ਅਮਰੀਕਾ) ਜਸਵੀਰ ਗਿੱਲ (ਅਮਰੀਕਾ), ਡਾ. ਕਰਨੈਲ ਸ਼ੇਰਗਿੱਲ (ਇੰਗਲੈਂਡ) ਅਤੇ ਹਰਕੰਵਲ ਸਾਹਿਲ (ਕੈਨੇਡਾ) ਪਰਵਾਸੀ ਸ਼ਾਇਰਾਂ ਵਜੋਂ ਪੇਸ਼ ਹੋਏ ਜਦੋਂਕਿ ਸਵਰਨਜੀਤ ਸਵੀ, ਦਰਸ਼ਨ ਬੁੱਟਰ, ਜਸਵੰਤ ਜ਼ਫ਼ਰ, ਸੁਸ਼ੀਲ ਦੁਸਾਂਝ, ਬਲਵਿੰਦਰ ਸੰਧੂ, ਵਿਜੇ ਵਿਵੇਕ, ਭੁਪਿੰਦਰਪ੍ਰੀਤ, ਗੁਰਤੇਜ ਕੋਹਾਰਵਾਲਾ, ਹਰਮੀਤ ਵਿਦਿਆਰਥੀ, ਵਿਸ਼ਾਲ, ਵਾਹਿਦ, ਰਮਨ ਸੰਧੂ, ਜਗਦੀਪ ਸਿੱਧੂ, ਡਾ. ਵਿਕਰਮ ਅਤੇ ਤਰਸੇਮ ਨੇ ਪ੍ਰਮੁੱਖ ਕਵੀਆਂ ਵਜੋਂ ਹਾਜ਼ਰੀ ਲਵਾਈ। ਇਸ ਕਵੀ ਦਰਬਾਰ ਵਿਚ ਕਿਰਤਪਾਲ, ਗੁਰਜੰਟ ਰਾਜੇਆਣਾ, ਅਜੇਪਾਲ ਢਿੱਲੋਂ, ਰਣਧੀਰ, ਸੁਖਦੀਪ ਔਜਲਾ, ਨਵਾਬ ਖ਼ਾਨ ਅਤੇ ਹਰਮਨ ਨੇ ਪੰਜਾਬੀ ਦੇ ਉੱਭਰਦੇ ਕਵੀਆਂ ਵਜੋਂ ਆਪਣਾ ਕਲਾਮ ਪੇਸ਼ ਕੀਤਾ।

# ਯੂਥ ਕਾਂਗਰਸ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਪ੍ਰਦਰਸ਼ਨ




ਜਲੰਧਰ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਯੂਥ ਕਾਂਗਰਸ ਪੰਜਾਬ ਨੇ ਅੱਜ ਸੰਘਰਸ਼ੀ ਕਿਸਾਨਾਂ ਨਾਲ ਇਕਜੁੱਟਤਾ ਜ਼ਾਹਿਰ ਕਰਦਿਆਂ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ 'ਤੇ ਕੀਤੇ ਹਮਲੇ ਖ਼ਿਲਾਫ਼ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਇਸ ਦੌਰਾਨ ਕਾਂਗਰਸੀ ਆਗੂਆਂ ਨੇ ਕਿਹਾ ਕਿ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਤੋਂ ਬਾਅਦ ਯੂਥ ਕਾਂਗਰਸ ਵਿੱਚ ਭਾਰੀ ਰੋਸ ਹੈ, ਜਿਸ ਨੂੰ ਖਨੌਰੀ ਸਰਹੱਦ 'ਤੇ ਹਰਿਆਣਾ ਪੁਲੀਸ ਵੱਲੋਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਪੰਜਾਬ ਯੂਥ ਕਾਂਗਰਸ ਦੇ ਸਕੱਤਰ ਅੰਗਦ ਦੱਤਾ ਨੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਕਿਹਾ ਕਿ ਸ਼ਾਂਤਮਈ ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਪ੍ਰਤੀ ਸਰਕਾਰ ਦਾ ਜਵਾਬ ਕਿਸੇ ਵੀ ਡਰਾਉਣੇ ਸੁਫ਼ਨੇ ਤੋਂ ਘੱਟ ਨਹੀਂ ਹੈ। ਦੇਸ਼ ਦਾ ਢਿੱਡ ਭਰਨ ਵਾਲੇ ਕਿਸਾਨਾਂ ਵਿਰੁੱਧ ਅੱਥਰੂ ਗੈਸ ਦੀ ਵਰਤੋਂ ਕਰਨਾ ਇੱਕ ਸ਼ਰਮਨਾਕ ਕਾਰਵਾਈ ਹੈ। ਦੱਤਾ ਨੇ ਅੱਗੇ ਕਿਹਾ ਕਿ ਇਹ ਬੇਹੱਦ ਸ਼ਰਮਨਾਕ ਹੈ ਕਿ ਕਿਸਾਨਾਂ ਦੀ ਹਮਾਇਤ ਕਰਨ ਵਾਲੇ ਆਗੂਆਂ ਨੂੰ ਕੁੱਟਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ, ਜਦਕਿ ਸਰਕਾਰ ਕਿਸਾਨਾਂ ਨੂੰ ਅਤਿਵਾਦੀ ਗਰਦਾਨਣ ਵਾਲਿਆਂ ਦੀ ਹਮਾਇਤ ਕਰ ਰਹੀ ਹੈ। ਜਲੰਧਰ ਕੇਂਦਰੀ ਯੂਥ ਕਾਂਗਰਸ ਦੇ ਪ੍ਰਧਾਨ ਸ਼ਿਵਮ ਪਾਠਕ ਨੇ ਵੀ ਹਰਿਆਣਾ ਸਰਕਾਰ ਅਤੇ ਕੇਂਦਰ ਦੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ। ਇਸ ਮੌਕੇ ਹਰਿਆਣਾ ਅਤੇ ਕੇਂਦਰ ਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਤੇ ਸ਼ਹਿਰ ਦੇ ਵੱਖ ਵੱਖ ਥਾਵਾਂ 'ਤੇ ਮਨੋਹਰ ਲਾਲ ਖੱਟਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਸਾੜੇ ਗਏ।ਸ਼ੰਭੂ ਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਉਪਰ ਕੀਤੇ ਜਾ ਰਹੇ ਤਸ਼ੱਦਦ ਖ਼ਿਲਾਫ਼ ਅੱਜ ਪੰਜਾਬ ਯੂਥ ਕਾਂਗਰਸ ਦੇ ਕਾਰਕੁਨਾਂ ਵੱਲੋਂ ਇੱਥੇ ਭਾਜਪਾ ਦੇ ਸਥਾਨਕ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਇਸ ਰੋਸ ਵਿਖਾਵੇ ਦੌਰਾਨ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਇਹ ਰੋਸ ਵਿਖਾਵਾ ਜ਼ਿਲ੍ਹਾ ਪ੍ਰਧਾਨ ਰਾਹੁਲ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ। ਯੂਥ ਕਾਂਗਰਸ ਦੇ ਕਾਰਕੁਨ ਇਕੱਠੇ ਹੋ ਕੇ ਨਾਅਰੇ ਮਾਰਦੇ ਹੋਏ ਭਾਜਪਾ ਦੇ ਹਾਥੀ ਗੇਟੀ ਨੇੜੇ ਸਥਾਨਕ ਦਫਤਰ ਦੇ ਕੋਲ ਪੁੱਜ ਗਏ। ਜਦੋਂ ਉਨ੍ਹਾਂ ਦਫਤਰ ਦੇ ਕੈਂਪਸ ਦੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਪ੍ਰਦਰਸ਼ਨਕਾਰੀਆਂ ਨੇ ਦਫਤਰ ਦੇ ਨੇੜੇ ਹੀ ਧਰਨਾ ਦਿੱਤਾ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਧਰਨਾ ਦੇਣ ਵਾਲਿਆਂ ਵਿੱਚ ਬਲਪ੍ਰੀਤ ਸਿੰਘ, ਰਵੀ ਮਿਸ਼ਰਾ, ਹਰ ਪੁਨੀਤ ਸਿੰਘ ਤੇ ਰਵੀ ਪ੍ਰਕਾਸ਼ ਬਬਲੂ ਆਦਿ ਸ਼ਾਮਲ ਸਨ।



# ਬਿਲਕੁਲ ਨਵੇਂ Samsung Galaxy FitC ਦੇ ਨਾਲ ਆਪਣੇ ਆਪ ਨੂੰ ਸਰਵੋਤਮ ਬਣਨ ਲਈ ਪ੍ਰੇਰਿਤ ਰਹੋ

ਚੰਡੀਗੜ੍ਹ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੋਨਿਕਸ ਬ੍ਰਾਂਡ, ਨੇ ਅੱਜ Galaxy FitC ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ, ਇਸਦਾ ਸਭ ਤੋਂ ਨਵਾਂ ਫਿਟਨੈਸ ਟਰੈਕਰ, ਜੋ ਕਿ ਸੈਮਸੰਗ ਦੀ ਉੱਨਤ ਸਿਹਤ-ਨਿਗਰਾਨੀ ਤਕਨਾਲੋਜੀ ਦਾ ਲੋਕਤੰਤਰੀਕਰਨ ਕਰਦਾ ਹੈ, ਹਰ ਕਿਸੇ ਨੂੰ ਆਪਣਾ ਸਭ ਤੋਂ ਵਧੀਆ ਮਹਿਸੂਸ ਕਰਨ ਅਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ।

Galaxy FitC ਸੈਮਸੰਗ ਦਾ ਨਵੀਨਤਮ ਪਹਿਨਣਯੋਗ ਯੰਤਰ ਹੈ ਅਤੇ ਇੱਕ ਵਿਆਪਕ ਡਿਸਪਲੇਅ ਦੇ ਨਾਲ ਇੱਕ ਐਲੂਮੀਨੀਅਮ ਬਾਡੀ ਦਾ ਮਾਣ ਰੱਖਦਾ ਹੈ, ਜਿਸ ਨਾਲ ਉਪਭੋਗਤਾਵਾਂ ਨੂੰ ਰੋਜ਼ਾਨਾ ਕਸਰਤ ਤੋਂ ਲੈ ਕੇ ਸ਼ਾਂਤੀਪੂਰਨ ਨੀਂਦ ਤੱਕ - ਉਹਨਾਂ ਦੇ ਗੁੱਟ ਤੋਂ, ਘੜੀ ਦੇ ਆਲੇ-ਦੁਆਲੇ ਉਹਨਾਂ ਦੇ ਸਿਹਤ ਅਤੇ ਤੰਦਰੁਸਤੀ ਡੇਟਾ ਦਾ ਟ੍ਰੈਕ ਰੱਖਣ ਦੀ ਆਗਿਆ ਮਿਲਦੀ ਹੈ।

ਤੰਦਰੁਸਤੀ ਦੇ ਇਸ ਨਵੇਂ ਯੁੱਗ ਵਿੱਚ, ਉਪਭੋਗਤਾ ਆਪਣੀ ਸਿਹਤ ਬਾਰੇ ਵਧੇਰੇ ਵਿਆਪਕ ਸਮਝ ਚਾਹੁੰਦੇ ਹਨ ਅਤੇ ਸੈਮਸੰਗ ਨੇ ਉਪਭੋਗਤਾਵਾਂ ਨੂੰ ਉਹਨਾਂ ਦੀ ਤੰਦਰੁਸਤੀ ਦੇ ਸਫ਼ਰ ਵਿੱਚ ਉਹਨਾਂ ਦੀ ਮਦਦ ਕਰਨ ਲਈ ਉੱਨਤ ਸਿਹਤ ਨਿਗਰਾਨੀ ਟੂਲ ਪ੍ਰਦਾਨ ਕਰਨ ਲਈ ਵਚਨਬੱਧ ਕੀਤਾ



# ਲਾਪਤਾ ਨੌਜਵਾਨ ਦੀ ਲਾਸ਼ ਬੰਡਾਲਾ ਨੇੜਿਓਂ ਮਿਲੀ



ਜੰਡਿਆਲਾ , 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜੰਡਿਆਲਾ ਗੁਰੂ ਤੋਂ ਲਾਪਤਾ ਹੋਏ ਨੌਜਵਾਨ ਦੀ ਲਾਸ਼ ਅੱਜ ਪਿੰਡ ਬੰਡਾਲਾ ਨੇੜੇ ਰੋਹੀ ਵਿੱਚੋਂ ਮਿਲੀ ਹੈ। ਇਸ ਸਬੰਧੀ ਮ੍ਰਿਤਕ ਦੇ ਪਿਤਾ ਸੁੱਖਾ ਸਿੰਘ ਨੇ ਦੱਸਿਆ ਉਹ ਸਥਾਨਕ ਨਵੀਂ ਆਬਾਦੀ ਦਾ ਵਾਸੀ ਹੈ ਤੇ ਉਸ ਦਾ ਛੋਟਾ ਲੜਕਾ ਆਕਾਸ਼ਦੀਪ ਸਿੰਘ (20) ਰੋਜ਼ਾਨਾ ਆਪਣੇ ਕੰਮ ਤੋਂ ਰਾਤ ਕਰੀਬ 9.30 ਤੋਂ 10 ਵਜੇ ਤਕ ਵਾਪਸ ਘਰ ਆ ਜਾਂਦਾ ਸੀ। ਉਸ ਨੇ ਦੱਸਿਆ 16 ਫਰਵਰੀ ਨੂੰ ਉਸ ਦਾ ਲੜਕਾ ਆਕਾਸ਼ਦੀਪ ਰਾਤ 10 ਵਜੇ ਤੱਕ ਘਰ ਨਹੀਂ ਆਇਆ ਜਦੋਂ ਉਨ੍ਹਾਂ ਵੱਲੋਂ ਆਪਣੇ ਪੁੱਤਰ ਨੂੰ ਮੋਬਾਈਲ 'ਤੇ ਸੰਪਰਕ ਕੀਤਾ ਗਿਆ ਤਾਂ ਉਸ ਦਾ ਫੋਨ ਬੰਦ ਆ ਰਿਹਾ ਸੀ।

ਅਗਲੇ ਦਿਨ 17 ਫਰਵਰੀ ਨੂੰ ਉਸ ਦੇ ਪੁੱਤਰ ਦਾ ਫੋਨ ਬੰਦ ਆਉਣ 'ਤੇ ਉਨ੍ਹਾਂ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਲੱਭਣਾ ਸ਼ੁਰੂ ਕੀਤਾ ਅਤੇ ਆਸ ਪਾਸ ਦੇ ਸੀਸੀ ਟੀਵੀ ਕੈਮਰੇ ਦੀ ਫੁਟੇਜ ਵੀ ਦੇਖਣੀ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਇੱਕ ਕੈਮਰੇ ਦੀ ਫੁਟੇਜ ਵਿੱਚ ਇੱਕ ਦੁਕਾਨ ਉਪਰੋਂ ਉਨ੍ਹਾਂ ਦੇ ਪੁੱਤਰ ਨੂੰ ਗੁਰਅੰਮ੍ਰਿਤ ਸਿੰਘ ਵਾਸੀ ਜੰਡਿਆਲਾ ਗੁਰੂ ਇੱਕ ਚਿੱਟੇ ਰੰਗ ਦੀ ਐਕਟਿਵਾ ਉੱਪਰ ਬਿਠਾ ਕੇ ਲੈ ਜਾ ਰਿਹਾ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਘਰ ਵਾਪਸ ਨਹੀਂ ਆਇਆ।

ਇਸ ਉਪਰੰਤ ਉਨ੍ਹਾਂ ਨੇ ਪੁਲੀਸ ਨੂੰ ਇਸ ਦੀ ਸ਼ਿਕਾਇਤ ਦਰਜ ਕਰਾਈ। ਇਸ ਸਬੰਧੀ ਡੀਐੱਸਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ ਅਤੇ ਐੱਸਐੱਚਓ ਜੰਡਿਆਲਾ ਗੁਰੂ ਇੰਸਪੈਕਟਰ ਮੁਖਤਾਰ ਸਿੰਘ ਨੇ ਦੱਸਿਆ ਪੁਲੀਸ ਨੇ ਸ਼ਿਕਾਇਤ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਅੱਜ ਸੱਤ ਦਿਨਾਂ ਬਾਅਦ ਆਕਾਸ਼ਦੀਪ ਦੀ ਲਾਸ਼ ਇੱਥੋਂ ਨਜ਼ਦੀਕ ਪਿੰਡ ਬੰਡਾਲਾ ਨੇੜੇ ਰੋਹੀ ਵਿੱਚੋਂ ਬਰਾਮਦ ਕੀਤੀ ਹੈ। ਡੀਐੱਸਪੀ ਨੇ ਦੱਸਿਆ ਮ੍ਰਿਤਕ ਦੇ ਆਪਣੇ ਪੁੱਤਰ ਨੂੰ ਮੋਬਾਈਲ 'ਤੇ ਸੰਪਰਕ ਕੀਤਾ ਗਿਆ ਤਾਂ ਉਸ ਦਾ ਫੋਨ ਬੰਦ ਆ ਰਿਹਾ ਸੀ। ਅਗਲੇ ਦਿਨ 17 ਫਰਵਰੀ ਨੂੰ ਉਸ ਦੇ ਪੁੱਤਰ ਦਾ ਫੋਨ ਬੰਦ ਆਉਣ 'ਤੇ ਉਨ੍ਹਾਂ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਲੱਭਣਾ ਸ਼ੁਰੂ ਕੀਤਾ ਅਤੇ ਆਸ ਪਾਸ ਦੇ ਸੀਸੀ ਟੀਵੀ ਕੈਮਰੇ ਦੀ ਫੁਟੇਜ ਵੀ ਦੇਖਣੀ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਇੱਕ ਕੈਮਰੇ ਦੀ ਫੁਟੇਜ ਵਿੱਚਚਿਹਰੇ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਉਸ ਦੀ ਹੱਤਿਆ ਕੀਤੀ ਗਈ ਤੇ ਲਾਸ਼ ਨੂੰ ਟੋਏ ਵਿੱਚ ਸੁੱਟ ਦਿੱਤਾ ਸੀ। ਪੁਲੀਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸਰਕਾਰ ਲੋਕਾਂ ਦੀ ਹਰ ਸਮੱਸਿਆ ਦਾ ਨਿਬੇੜਾ ਕਰਨ ਲਈ ਵਚਨਬੱਧ: ਬੁੱਧਰਾਮ

ਮਾਨਸਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਤੇ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਬੁੱਧਰਾਮ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਸਕੀਮ ਤਹਿਤ ਪਿੰਡਾਂ ਤੇ ਸ਼ਹਿਰਾਂ ਵਿਚ ਲਗਾਏ ਜਾ ਰਹੇ ਜਨ ਸੁਣਵਾਈ ਕੈਂਪਾਂ 'ਚ ਘਰਾਂ ਦੇ ਨਜ਼ਦੀਕ ਮਿਲ ਰਹੀਆਂ ਸੇਵਾਵਾਂ ਦਾ ਲੋਕ ਲਾਹਾ ਲੈ ਰਹੇ ਹਨ।

ਉਹ ਅੱਜ ਹਲਕੇ ਦੇ ਪਿੰਡ ਗੁਰਨੇ ਖੁਰਦ, ਗੁਰਨੇ ਕਲਾਂ, ਹਸਨਪੁਰ ਅਤੇ ਬੋੜਾਵਾਲ ਵਿਖੇ ਲੱਗੇ ਕੈਂਪਾਂ ਦੌਰਾਨ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਜਨ ਸੁਣਵਾਈ ਕੈਂਪਾਂ ਰਾਹੀਂ ਸਰਕਾਰ ਅਤੇ ਲੋਕਾਂ ਵਿਚ ਆਪਸੀ ਤਾਲਮੇਲ ਵੱਧ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਲੋਕਾਂ ਦੀ ਹਰ ਸਮੱਸਿਆ ਦਾ ਸਮਾਂਬੱਧ ਨਿਪਟਾਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਲਗਾਏ ਜਾ ਰਹੇ ਕੈਂਪਾਂ ਅੰਦਰ ਪ੍ਰਸ਼ਾਸਨਿਕ ਅਧਿਕਾਰੀ ਖੁਦ ਮੌਜੂਦ ਰਹਿਕੇ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਨੂੰ ਤਰਜੀਹ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਉਹ ਖੁਦ ਵੀ ਰੋਜ਼ਾਨਾ ਪੱਧਰ 'ਤੇ ਇਨ੍ਹਾਂ ਕੈਂਪਾਂ 'ਚ ਸ਼ਿਰਕਤ ਕਰਕੇ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰੀ ਕੰਮ ਕਰਵਾਉਣ ਵਿਚ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹਰ ਲੋੜਵੰਦ ਪਹੁੰਚਾਉਣਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਮੰਗੂ ਬਾਂਸਲ,ਪੰਚਾਇਤ ਸਕੱਤਰ ਮਨਮੋਹਨ ਸਿੰਘ, ਹਰਭਜਨ ਸਿੰਘ, ਵੀਰ ਸਿੰਘ, ਜਗਦੀਪ ਸਿੰਘ ਤੇ ਗੱਗੀ ਸਿੰਘ ਵੀ ਮੌਜੂਦ ਸਨ।

# ਵਿਧਾਇਕਾ ਮਾਣੂੰਕੇ ਵੱਲੋਂ ਡਾ. ਬੀ ਆਰ ਅੰਬੇਡਕਰ ਚੌਂਕ ਦਾ ਉਦਘਾਟਨ

ਜਗਰਾਉਂ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਇਥੇ ਰਾਏਕੋਟ ਰੋਡ 'ਤੇ 5 ਨੰਬਰ ਚੂੰਗੀ ਨੇੜੇ ਬਣਾਏ ਗਏ ਡਾ. ਬੀ. ਆਰ ਅੰਬੇਡਕਰ ਚੌਂਕ ਦਾ ਉਦਘਾਟਨ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਕੀਤਾ। ਇਸ ਮੌਕੇ ਪ੍ਰੋ. ਸੁਖਵਿੰਦਰ ਸੁੱਖੀ, ਮਾਸਟਰ ਰਣਜੀਤ ਹਠੂਰ, ਰਛਪਾਲ ਸਿੰਘ ਗਾਲਿਬ, ਕੌਂਸਲਰ ਜਗਜੀਤ ਸਿੰਘ ਜੱਗੀ, ਕੁਲਵਿੰਦਰ ਸਿੰਘ ਕਾਲਾ, ਗੁਰਪ੍ਰੀਤ ਨੋਨੀ, ਕੌਂਸਲਰ ਕੰਵਰਪਾਲ ਸਿੰਘ, ਅਮਰਜੀਤ ਮਾਲਵਾ, ਰਵਿੰਦਰ ਸਭਰਵਾਲ ਮੌਜੂਦ ਸਨ। ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਚੌਂਕ ਬਣਾਉਣ ਲਈ ਸਾਲ 2019 ਵਿੱਚ ਨਗਰ ਕੌਂਸਲ ਵਿੱਚ ਮਤਾ ਪਾਸ ਕਰਵਾਇਆ ਗਿਆ।

ਭਾਵੇਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਅੜਿੱਕੇ ਪਏ ਪਰ ਲੋਕਾਂ ਦੇ ਸਹਿਯੋਗ ਨਾਲ ਇਹ ਚੌਕ ਬਣ ਕੇ ਤਿਆਰ ਹੈ। ਉਨ੍ਹਾਂ ਆਖਿਆ ਕਿ ਹਲਕੇ ਦੀ ਬਿਹਤਰੀ ਲਈ ਵੱਖ-ਵੱਖ ਪ੍ਰਾਜੈਕਟਾਂ ਜਿਵੇਂ ਅਬੋਹਰ ਬਰਾਂਚ ਦੀ ਅਖਾੜਾ ਵਾਲੀ ਉੱਪਰ ਨਵੇਂ ਪੁਲ ਦਾ ਨਿਰਮਾਣ, ਸ਼ਹਿਰ ਦੇ ਬਰਸਾਤੀ ਪਾਣੀ ਦੀ ਸਮੱਸਿਆ ਲਈ ਗਿਆਰਾਂ ਕਰੋੜ ਰੁਪਏ ਦਾ ਪ੍ਰਾਜੈਕਟ, ਹਲਕੇ ਅੰਦਰ ਬਿਜਲੀ ਦੇ ਨਵੇਂ 66 ਕੇਵੀ ਗਰਿੱਡ, ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਦਾ ਨਵੇਂ ਸਿਰਿਓਂ ਨਿਰਮਾਣ, ਲਾਲਾ ਲਾਜਪਤ ਰਾਏ ਭਵਨ, ਮੰਡੀ ਵਿੱਚ ਨਵੇਂ ਫੜ ਅਤੇ ਸ਼ੈੱਡ ਦੇ ਕੰਮ ਚੱਲ ਰਹੇ ਹਨ।

# ਖੱਟਰ ਸਰਕਾਰ ਖ਼ਿਲਾਫ ਕਾਂਗਰਸ ਦਾ ਬੇਭਰੋਸਗੀ ਮਤਾ ਰੱਦ



**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਵਿਚ ਬਜਟ ਇਜਲਾਸ ਦੇ ਤੀਜੇ ਦਿਨ ਸੱਤਾਧਾਰੀ ਧਿਰ ਭਾਜਪਾ-ਜਜਪਾ ਗਠਜੋੜ ਅਤੇ ਵਿਰੋਧੀ ਧਿਰ ਕਾਂਗਰਸ ਵਿਚਕਾਰ ਖ਼ੂਬ ਹੰਗਾਮਾ ਹੋਇਆ। ਇਸ ਮੌਕੇ ਵਿਰੋਧੀ ਧਿਰ ਕਾਂਗਰਸ ਨੇ ਸੂਬੇ ਵਿੱਚ ਵਿਕਾਸ ਨਾ ਹੋਣ 'ਤੇ ਖੱਟਰ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਵਿਰੋਧੀ ਧਿਰ ਦੇ ਆਗੂ ਭੂਪਿੰਦਰ ਸਿੰਘ ਹੁੱਡਾ ਨੇ ਭਾਜਪਾ-ਜਜਪਾ ਗੱਠਜੋੜ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ ਜੋ ਕਾਂਗਰਸ ਕੋਲ ਲੋੜੀਂਦਾ ਬਹੁਮਤ ਨਾ ਹੋਣ ਕਾਰਨ ਰੱਦ ਹੋ ਗਿਆ। ਹਾਲਾਂਕਿ ਕਾਂਗਰਸ ਪਾਰਟੀ ਬੇਭਰੋਸਗੀ ਮਤੇ 'ਤੇ ਵੋਟਿੰਗ ਤੋਂ ਪਹਿਲਾਂ ਹੀ ਮੁੱਖ ਮੰਤਰੀ ਦੇ ਭਾਸ਼ਣ ਦੌਰਾਨ ਵਾਕ-ਆਊਟ ਕਰ ਗਈ।

ਜ਼ਿਕਰਯੋਗ ਹੈ ਕਿ ਕਾਂਗਰਸ ਨੂੰ ਬੇਭਰੋਸਗੀ ਮਤਾ ਮਨਜ਼ੂਰ ਕਰਵਾਉਣ ਲਈ 90 ਵਿੱਚੋਂ 46 ਵਿਧਾਇਕਾਂ ਦੀ ਜ਼ਰੂਰਤ ਸੀ ਪਰ ਕਾਂਗਰਸ ਕੋਲ ਸਿਰਫ਼ 30 ਵਿਧਾਇਕ ਹੀ ਸਨ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਭੂਪਿੰਦਰ ਸਿੰਘ ਹੁੱਡਾ ਨੇ ਸੂਬਾ ਸਰਕਾਰ ਨੂੰ ਕਿਸਾਨਾਂ ਨੂੰ ਐੱਮਐੱਸਪੀ ਦੇਣ, ਨੌਜਵਾਨਾਂ ਨੂੰ ਰੁਜ਼ਗਾਰ, ਬਜ਼ੁਰਗਾਂ ਨੂੰ ਪੈਨਸ਼ਨ, ਗਰੀਬਾਂ ਨੂੰ ਰਾਸ਼ਨ ਤੇ ਹੋਰਨਾਂ ਮੁੱਦਿਆਂ 'ਤੇ ਘੇਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਦੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਹੈ। ਇਸ ਕਰਕੇ ਸਿੱਖਿਆ ਤੇ ਸਿਹਤ ਖੇਤਰ ਪੱਛੜਦੇ ਜਾ ਰਹੇ ਹਨ। ਹਰਿਆਣਾ ਵਿੱਚ ਭ੍ਰਿਸ਼ਟਾਚਾਰ ਵੱਧਦਾ ਜਾ ਰਿਹਾ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਸਮੇਂ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕੀਤਾ ਗਿਆ ਹੈ। ਕਾਂਗਰਸੀ ਵਿਧਾਇਕ ਸ਼ਮਸ਼ੇਰ ਗੋਗੀ ਨੇ ਹਰਿਆਣਾ ਵਿਧਾਨ ਸਭਾ ਵਿੱਚ ਕਿਸਾਨਾਂ ਦਾ ਮੁੱਦਾ ਚੁੱਕਿਆ। ਕਾਂਗਰਸ ਨੇ ਆਯੂਸ਼ਮਾਨ ਕਾਰਡ ਯੋਜਨਾ ਦਾ ਹਰਿਆਣਵੀਆਂ ਨੂੰ ਸਹੀ ਲਾਭ ਨਾ ਮਿਲਣ 'ਤੇ ਸਰਕਾਰ ਨੂੰ ਘੇਰਿਆ।

# ਇੰਟਰਨੈੱਟ ਬੰਦ ਹੋਣ ਕਾਰਨ ਦੁਕਾਨਦਾਰ ਪ੍ਰੇਸ਼ਾਨ

**ਪਿਹੋਵਾ,26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਕਰਕੇ ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਕਈ ਜ਼ਿਲ੍ਹਿਆਂ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਹੋਈਆਂ ਹਨ। ਪਿਹੋਵਾ ਸ਼ਹਿਰ 'ਚ ਵੀ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਆਮ ਲੋਕਾਂ ਦੇ ਨਾਲ-ਨਾਲ ਦੁਕਾਨਦਾਰਾਂ ਦੇ ਕਾਰੋਬਾਰ ਵੀ ਅਸਰ ਪੈ ਰਿਹਾ ਹੈ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਹੁਣ ਲੋਕ ਆਪਣੀਆਂ ਜੇਬਾਂ ਵਿੱਚ ਨਕਦੀ ਨਹੀਂ ਰੱਖਦੇ, ਜਿਸ ਕਾਰਨ ਲੋਕਾਂ ਵਿੱਚ ਹੁਣ ਗੂਗਲ ਪੇਅ, ਫੋਨ ਪੇਅ ਆਦਿ ਰਾਹੀਂ ਇੰਟਰਨੈੱਟ ਰਾਹੀਂ ਪੈਸੇ ਦੇਣ ਦੀ ਆਦਤ ਪੈ ਗਈ ਹੈ।

ਜਿਸ ਕਾਰਨ ਪਿਛਲੇ ਕਈ ਦਿਨਾਂ ਤੋਂ ਇੰਟਰਨੈੱਟ ਸੇਵਾ ਬੰਦ ਹੋਣ ਕਾਰਨ ਲੋਕਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਦੁਕਾਨਦਾਰਾਂ ਬਲਵਿੰਦਰ ਸਿੰਘ, ਪਰਮਜੀਤ ਸਿੰਘ, ਸੁਖਦੇਵ ਸਿੰਘ, ਰੌਕੀ ਸ਼ਰਮਾ, ਮੋਨੂੰ ਵਰਮਾ ਆਦਿ ਨੇ ਦੱਸਿਆ ਕਿ ਇੰਟਰਨੈੱਟ ਬੰਦ ਹੋਣ ਕਾਰਨ ਲੋਕ ਹੁਣ ਉਨ੍ਹਾਂ ਦੀਆਂ ਦੁਕਾਨਾਂ 'ਤੇ ਸਾਮਾਨ ਖਰੀਦਣ ਲਈ ਨਹੀਂ ਆਉਂਦੇ, ਜੇਕਰ ਆਉਂਦੇ ਵੀ ਹਨ ਤਾਂ ਕੁਝ ਗਾਹਕ ਉਧਾਰ ਲੈ ਕੇ ਚਲੇ ਜਾਂਦੇ ਹਨ। ਹੁਣ ਉਹ ਇਸ ਗੱਲ ਨੂੰ ਲੈ ਕੇ ਵੀ ਚਿੰਤਤ ਹਨ ਕਿ ਇੰਟਰਨੈੱਟ ਦੀ ਘਾਟ ਕਾਰਨ ਕ੍ਰੈਡਿਟ 'ਤੇ ਸਾਮਾਨ ਲੈਣ ਵਾਲੇ ਗਾਹਕ ਨੂੰ ਪੈਸੇ ਮਿਲਣਗੇ ਜਾਂ ਨਹੀਂ। ਫਾਸਟ ਫੂਡ ਅਤੇ ਹੋਰ ਖਾਣ-ਪੀਣ ਦੀਆਂ ਵਸਤੂਆਂ ਵੇਚਣ ਵਾਲਿਆਂ ਨੂੰ ਵੀ ਭਾਰੀ ਘਾਟਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਉਹ ਪਹਿਲਾਂ ਨਾਲੋਂ ਅੱਧਾ ਮਾਲ ਬਣਾਉਣ ਲੱਗ ਪਏ ਹਨ।

ਕਿਉਂਕਿ ਸ਼ਾਮ ਨੂੰ ਗਾਹਕ ਨਹੀਂ ਆਉਂਦੇ, ਕਿਉਂਕਿ ਲੋਕਾਂ ਦੀਆਂ ਜੇਬਾਂ ਵਿੱਚ ਪੈਸੇ ਨਹੀਂ ਹੁੰਦੇ, ਜਿਸ ਕਾਰਨ ਉਹ ਹੁਣ ਸਾਮਾਨ ਖਰੀਦਣਾ ਪਸੰਦ ਨਹੀਂ ਕਰਦੇ। ਪਿਹੋਵਾ ਇਲਾਕੇ ਵਿੱਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਕਿਉਂਕਿ ਇੰਟਰਨੈੱਟ ਬੰਦ ਹੋਣ ਕਾਰਨ ਉਨ੍ਹਾਂ ਦੇ ਮੋਬਾਈਲ, ਲੈਪਟਾਪ ਕੰਮ ਨਹੀਂ ਕਰ ਰਹੇ।

# ਪੰਜਾਬੀ ਫਿਲਮ 'ਓਏ ਭੋਲੇ ਓਏ' ਵਿਵਾਦਾਂ ਵਿੱਚ ਘਿਰੀ

**ਜਲੰਧਰ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਫਿਲਮ 'ਓਏ ਭੋਲੇ ਓਏ' ਦੇ ਨਿਰਦੇਸ਼ਕ ਅਤੇ ਅਦਾਕਾਰ ਦੇ ਖਿਲਾਫ ਥਾਣਾ ਡਿਵੀਜ਼ਨ ਨੰਬਰ 4 'ਚ ਸ਼ਿਕਾਇਤ ਦਰਜ ਕਰ ਕੇ ਧਾਰਾ 295-ਏ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲੀਸ ਨੇ ਇਸ ਮਾਮਲੇ ਵਿੱਚ ਨਿਰਦੇਸ਼ਕ ਵਰਿੰਦਰਾ ਰਾਮਗੜ੍ਹੀਆ ਅਤੇ ਅਦਾਕਾਰ ਜਗਜੀਤ ਸਿੰਘ ਨੂੰ ਨਾਮਜ਼ਦ ਕੀਤਾ ਹੈ।

ਦੋਵਾਂ 'ਤੇ ਈਸਾਈ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਹੈ। ਜਾਣਕਾਰੀ ਦਿੰਦਿਆਂ ਈਸਾਈ ਭਾਈਚਾਰੇ ਦੇ ਸਨਾਵਰ ਭੱਟੀ ਨੇ ਦੱਸਿਆ ਕਿ ਫਿਲਮ 'ਚ ਕਈ ਅਜਿਹੇ ਦ੍ਰਿਸ਼ ਦਿਖਾਏ ਗਏ ਹਨ, ਜੋ ਇਸਾਈ ਭਾਈਚਾਰੇ ਨੂੰ ਠੇਸ ਪਹੁੰਚਾ ਰਹੇ ਹਨ। ਸਨਾਵਰ ਨੇ ਦੱਸਿਆ ਕਿ ਇਹ ਫਿਲਮ 16 ਫਰਵਰੀ ਨੂੰ ਰਿਲੀਜ਼ ਹੋਈ ਹੈ। ਫਿਲਮ ਦੇ ਟ੍ਰੇਲਰ ਵਿੱਚ ਸੀਨ ਦਿਖਾਇਆ ਗਿਆ। ਉਹ ਈਸਾਈ ਭਾਈਚਾਰੇ ਵਿਚ ਹੋਣ ਵਾਲੀਆਂ ਮੀਟਿੰਗਾਂ ਦਾ ਨਿਰਾਦਰ ਕਰਦਾ ਹੈ। ਜਦੋਂ ਮਸੀਹੀ ਭਾਈਚਾਰੇ ਨੇ ਇਹ ਦ੍ਰਿਸ਼ ਦੇਖਿਆ ਤਾਂ ਉਨ੍ਹਾਂ ਨੂੰ ਬਹੁਤ ਦੁੱਖ



ਹੋਇਆ। ਸਨਾਵਰ ਨੇ ਕਿਹਾ ਕਿ ਜੋ ਲੋਕ ਸਭਾਵਾਂ ਵਿੱਚ ਆਉਂਦੇ ਹਨ ਉਹ ਰੱਬ ਅਤੇ ਪਾਦਰੀ ਦਾ ਧੰਨਵਾਦ ਕਰਦੇ ਹਨ। ਉਸ ਦਾ ਵੀ ਮਜ਼ਾਕ ਉਡਾਇਆ ਗਿਆ ਹੈ। ਇਸ ਮਾਮਲੇ ਸਬੰਧੀ ਸ਼ਿਕਾਇਤ ਦਿੱਤੀ ਗਈ ਸੀ, ਜਿਸ ਤੋਂ ਬਾਅਦ ਪੁਲੀਸ ਨੇ ਦੋਵਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਟਟਿਆਣਾ ਬਾਰਡਰ 'ਤੇ ਤਾਇਨਾਤ ਜਵਾਨਾਂ ਲਈ ਵਾਈਫਾਈ ਦੀ ਸਹੂਲਤ



**ਗੂਹਲਾ ਚੀਕਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਰੋਕਣ ਲਈ ਟਟਿਆਣਾ ਬਾਰਡਰ 'ਤੇ ਦਸ ਦਿਨਾਂ ਤੋਂ ਤੈਨਾਤ ਪ੍ਰਬੰਧਕੀ ਅਧਿਕਾਰੀਆਂ ਅਤੇ ਪੁਲੀਸ ਫੋਰਸ ਦੇ ਜਵਾਨਾਂ ਨੂੰ ਇੰਟਰਨੈੱਟ ਬੰਦ ਹੋਣ ਦੇ ਕਾਰਨ ਆ ਰਹੀ ਪ੍ਰੇਸ਼ਾਨੀਆਂ ਨੂੰ ਵੇਖਦੇ ਹੋਏ ਉੱਥੇ ਵਾਈਫਾਈ ਦੀ ਸੁਵਿਧਾ ਸ਼ੁਰੂ ਕੀਤੀ ਗਈ। ਇਸ ਨਾਲ ਅਧਿਕਾਰੀ ਅਤੇ ਜਵਾਨ ਇੱਥੇ ਦੀ ਕਿਸੇ ਵੀ ਗਤੀਵਿਧੀ ਦੀ ਜਾਣਕਾਰੀ ਉੱਚ ਅਧਿਕਾਰੀਆਂ ਤੱਕ ਪਹੁੰਚਾ ਤੇ ਉਨ੍ਹਾਂ ਤੋਂ ਨਿਰਦੇਸ਼ ਪ੍ਰਾਪਤ ਕਰ ਸਕਣਗੇ।

ਦੂਜੇ ਪਾਸੇ ਟਟਿਆਣਾ ਬਾਰਡਰ ਦੇ ਦੋਵਾਂ ਪਾਸਿਓਂ ਆਉਣ ਵਾਲੇ ਮੁਸਾਫਰਾਂ ਦੀ ਪੈਦਲ ਆਵਾਜਾਈ ਜਾਰੀ ਹੈ। ਹਰਿਆਣਾ ਤੇ ਪੰਜਾਬ ਤੋਂ ਲੋਕ ਰੋਜ਼ਾਨਾ ਇੱਧਰ ਉਧਰ ਜਾ ਰਹੇ ਹਨ ਜਿਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਰਾਹਤ ਦੀ ਗੱਲ ਇਹ ਹੈ ਕਿ ਜੇਕਰ ਕੋਈ ਮਹਿਲਾ, ਬਜ਼ੁਰਗ ਅਤੇ ਬੱਚੇ ਆ ਰਹੇ ਹੋਣ ਤਾਂ ਡਿਊਟੀ 'ਤੇ ਤਾਇਨਾਤ ਜਵਾਨਾਂ ਵੱਲੋਂ ਉਨ੍ਹਾਂ ਦਾ ਸਾਮਾਨ ਚੁੱਕ ਕੇ ਬਾਰਡਰ ਕਰਵਾਇਆ ਜਾ ਰਿਹਾ ਹੈ। ਸਥਿਤੀ 'ਤੇ ਨਜ਼ਰ ਰੱਖਣ ਦੇ ਨਾਲ ਨਾਲ ਜਵਾਨਾਂ ਵੱਲੋਂ ਸਮਾਜ ਸੇਵਾ ਵੀ ਕੀਤੀ ਜਾ ਰਹੀ ਹੈ। ਹਾਲਾਂਕਿ ਕਿਸਾਨਾਂ ਦੇ ਦਿੱਲੀ ਕੂਚ ਨੂੰ ਲੈ ਕੇ ਪ੍ਰਸ਼ਾਸਨ ਕਿਸ ਤਰ੍ਹਾਂ ਤੋਂ ਮੁਸਤੈਦ ਹਨ। ਚੀਕਾ ਸ਼ਹਿਰ ਪੰਜਾਬ ਦੀ ਹੱਦ ਤੱਕ ਪੁਲੀਸ ਛਾਉਣੀ 'ਚ ਤਬਦੀਲ ਹੋਇਆ ਪਿਆ ਹੈ। ਪਰ ਪ੍ਰਸ਼ਾਸਨ ਵੱਲੋਂ ਹਲਕਾ ਗੂਹਲਾ ਦੇ ਸਾਰੇ ਲਾਂਘੇ ਸੀਲ ਕੀਤੇ ਜਾਣ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ ਜਿਸ ਦੇ ਚੱਲਦਿਆਂ ਪ੍ਰਸ਼ਾਸਨ ਨੇ ਡੰਡੌਤਾ ਅਤੇ ਬਾਊਪੁਰ ਪਿੰਡਾਂ ਦੇ ਵਿੱਚ ਘੱਗਰ ਦਰਿਆ ਦੇ ਪੁਲ 'ਤੇ ਛੋਟੇ ਨਾਕੇ ਤੋਂ ਆਵਾਜਾਈ 'ਚ ਢਿੱਲ ਦਿੱਤੀ ਹੋਈ ਹਹੈ।

# ਪਿਓ-ਪੁੱਤ ਨੇ ਮਾਮੂਲੀ ਤਕਰਾਰ ਮਗਰੋਂ ਦੋ ਦੁਕਾਨਦਾਰਾਂ ਨੂੰ ਗੋਲੀ ਮਾਰੀ

**ਅੰਬਾਲਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਕੈਂਟ ਦੀ ਰਾਏ ਮਾਰਕੀਟ ਨਾਲ ਲੱਗਦੀ ਮੋਟਰ ਮਾਰਕੀਟ ਵਿੱਚ ਪਿਓ-ਪੁੱਤ ਸਣੇ ਤਿੰਨ ਜਣਿਆਂ ਨੇ ਮਾਮੂਲੀ ਤਕਰਾਰ ਤੋਂ ਬਾਅਦ ਸਵੇਰੇ 12 ਵਜੇ ਜਨਤਾ ਟੀ-ਸਟਾਲ ਦੇ ਮਾਲਕ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਬਚਾਅ ਕਰਨ ਆਏ ਗੁਆਂਢੀ ਦੁਕਾਨਦਾਰ ਨੂੰ ਵੀ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਵਾਰਦਾਤ ਵਿੱਚ ਇਕ ਗੋਲੀ ਟੀ-ਸਟਾਲ ਦੇ ਮਾਲਕ ਦੇ ਲੱਕ ਵਿੱਚ ਅਤੇ ਇਕ ਬਚਾਅ ਕਰਨ ਆਏ ਗੁਆਂਢੀ ਦੁਕਾਨਦਾਰ ਦੇ ਪੱਟ ਵਿੱਚ ਵੱਜੀ ਜਦਕਿ ਕੁਝ ਛੱਰੇ ਉਸ ਦੇ ਗੁਪਤ ਅੰਗ ਵਿੱਚ ਲੱਗੇ ਹਨ। ਟੀ-ਸਟਾਲ ਦੇ ਮਾਲਕ ਦੀ ਪਛਾਣ ਅਮਿਤ ਵਰਮਾ (42) ਵਾਸੀ ਪਟੇਲ ਨਗਰ ਵਜੋਂ ਜਦਕਿ ਗੁਆਂਢੀ ਦੁਕਾਨਦਾਰ ਦੀ ਪਛਾਣ ਪ੍ਰਮੋਦ ਕੁਮਾਰ ਵਾਸੀ ਸ਼ਾਹਪੁਰ ਵਜੋਂ ਹੋਈ ਹੈ। ਸੂਚਨਾ ਮਿਲਦਿਆਂ ਹੀ ਡਾਇਲ-112 ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੋਂ ਅਮਿਤ ਵਰਮਾ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ।

ਅਮਿਤ ਵਰਮਾ ਨੇ ਪੁਲੀਸ ਨੂੰ ਦੱਸਿਆ ਕਿ ਧਰਮਿੰਦਰ ਨਾਂ ਦਾ ਵਿਅਕਤੀ ਆਇਆ ਅਤੇ ਉਸ ਨੇ ਸਿਗਰਟ ਜਲਾਉਣ ਵਾਲਾ 10 ਰੁਪਏ ਦਾ ਲਾਈਟਰ ਲਿਆ। ਜਦੋਂ ਲਾਈਟਰ ਨਾ ਚੱਲਿਆ ਤਾਂ ਉਸ ਨੇ ਗਾਲ੍ਹਾਂ ਕੱਢਣ ਲੱਗਾ। ਕੁਝ ਦੇਰ ਬਾਅਦ ਧਰਮਿੰਦਰ ਦਾ ਲੜਕਾ ਵਿਸ਼ੂ ਤੇ ਇਕ ਹੋਰ ਲੜਕਾ ਐਕਟਿਵਾ ਸਕੂਟਰ 'ਤੇ ਆਏ। ਵਿਸ਼ੂ ਨੇ ਜੈਕਟ ਵਿੱਚੋਂ ਪਿਸਤੌਲ ਕੱਢ ਕੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਇਨ੍ਹਾਂ ਵਿੱਚੋਂ ਇਕ ਗੋਲੀ ਦੁਕਾਨਦਾਰ ਦੇ ਲੱਕ ਵਿੱਚ ਲੱਗੀ। ਜਿਉਂ ਹੀ ਉਸ ਦਾ ਗੁਆਂਢੀ ਆਟੋ ਮਕੈਨਿਕ ਪ੍ਰਮੋਦ ਕੁਮਾਰ ਬਚਾਅ ਕਰਨ ਆਇਆ ਤਾਂ ਮੁਲਜ਼ਮ ਨੇ ਉਸ ਦੇ ਪੱਟ ਵਿੱਚ ਗੋਲੀ ਮਾਰ ਦਿੱਤੀ।

# ਮਿਸ਼ਨਰੀ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਢਾਹਾਂ ਦਾ ਸਨਮਾਨ



**ਬੰਗਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਢਾਹਾਂ ਕਲੇਰਾਂ ਵਿੱਚ ਸਥਾਪਿਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਚੁਣੇ ਜਾਣ 'ਤੇ ਕੁਲਵਿੰਦਰ ਸਿੰਘ ਢਾਹਾਂ ਦਾ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਸਨਮਾਨ ਕੀਤਾ ਗਿਆ। ਅੱਜ ਹਲਕਾ ਬੰਗਾ ਦੇ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਵਿਧਾਇਕ ਸਨੌਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ ਆਪਣੇ ਸਾਥੀਆਂ ਸਮੇਤ ਢਾਹਾਂ ਕਲੇਰਾਂ ਪੁੱਜੇ। ਉਨ੍ਹਾਂ ਨੇ ਕੁਲਵਿੰਦਰ ਸਿੰਘ ਢਾਹਾਂ ਨੂੰ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ। ਇਸ ਮੌਕੇ ਆਗੂਆਂ ਨੇ ਟਰੱਸਟ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪਤਵੰਤੇ ਸੱਜਣਾਂ ਨੇ ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਵੀ ਕੀਤਾ।

# ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਚਾਹੁੰਦੀ ਸਰਕਾਰ: ਬਵੇਜਾ

**ਸ਼ਾਹਬਾਦ ਮਾਰਕੰਡਾ,26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਕਿਸਾਨ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਮਧੂ ਸੂਦਨ ਬਵੇਜਾ ਨੇ ਕਿਹਾ ਹੈ ਕਿ ਸਰਕਾਰ ਦਿੱਲੀ ਕੂਚ ਕਰ ਰਹੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਜਾਣਬੁੱਝ ਕੇ ਹੱਲ ਨਹੀਂ ਕਰਨਾ ਚਾਹੁੰਦੀ ਹੈ।ਬਵੇਜਾ ਮੁਤਾਬਕ ਕਿਸਾਨਾਂ ਨਾਲ ਸਰਕਾਰ ਦੀ ਮੀਟਿੰਗ ਮਹਿਜ਼ ਇੱਕ 'ਅਡੰਬਰ' ਹੈ, ਕਿਉਂਕਿ ਸਰਕਾਰ ਦੀ 'ਨਾ ਤਾਂ ਨੀਅਤ ਸਾਫ਼' ਹੈ ਤੇ 'ਨਾ ਹੀ ਨੀਤੀ ਸਾਫ਼' ਹੈ। ਭਾਜਪਾ ਸਰਕਾਰ ਦੇਸ਼ ਦਾ ਮਾਹੌਲ ਖਰਾਬ ਕਰ ਰਹੀ ਹੇ ਤੇ ਐਮਰਜੈਂਸੀ ਵਾਲਾ ਮਾਹੌਲ ਪੈਦਾ ਕਰ ਰਹੀ ਹੈ। ਕਾਂਗਰਸੀ ਨੇਤਾ ਆਖਿਆ ਕਿ ਪਿਛਲੇ 13 ਦਿਨਾਂ ਤੋਂ ਸੱਤ ਜ਼ਿਲ੍ਹਿਆਂ ਵਿੱਚ ਇੰਟਰਨੈੱਟ ਸੇਵਾ ਬੰਦ ਹੈ ਅਤੇ ਇੰਟਰਨੈਟ ਬੰਦ ਹੋਣ ਕਰ ਕੇ ਕੰਮਕਾਜ ਠੱਪ ਹੋ ਰਹੇ ਹਨ। ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ ਤੇ ਦੁਕਾਨਦਾਰਾਂ ਦੀ ਦੁਕਾਨਦਾਰੀ ਨੂੰ ਵੀ ਮਾਰ ਪੈ ਰਹੀ ਹੈ।

# ਪਿੰਡ ਧਾਰ ਦੇ ਗੁਰਬਖਸ਼ ਰਾਮ ਨੂੰ ਸਰਕਾਰੀ ਮਦਦ ਦੀ ਉਡੀਕ



**ਤਲਵਾੜਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਨੇੜਲੇ ਪਿੰਡ ਧਾਰ ਦਾ ਗੁਰਬਖ਼ਸ਼ ਰਾਮ ਪਿਛਲੇ 6 ਮਹੀਨਿਆਂ ਤੋਂ ਢਹੇ ਹੋਏ ਮਕਾਨ ਵਿੱਚ ਰਹਿਣ ਲਈ ਮਜਬੂਰ ਹੈ। ਲੰਘੇ ਸਾਲ ਬਰਸਾਤ ਦੇ ਮੌਸਮ 'ਚ ਉਸ ਦਾ ਕੱਚਾ ਮਕਾਨ ਡਿੱਗ ਗਿਆ ਸੀ। ਉਸ ਵੇਲੇ ਸਿਆਸੀ ਆਗੂਆਂ ਤੇ ਪ੍ਰਸ਼ਾਸਨ ਨੇ ਹੜ੍ਹ ਅਤੇ ਮੀਂਹ ਕਾਰਨ ਡਿੱਗੇ ਮਕਾਨ ਪੀੜਤਾਂ ਨੂੰ ਹਰ ਸੰਭਵ ਮਦਦ ਦੇਣ ਦੇ ਵੱਡੇ ਵੱਡੇ ਵਾਅਦੇ ਕੀਤੇ ਸਨ ਪਰ ਗੁਰਬਖ਼ਸ਼ ਰਾਮ ਨੂੰ ਸਰਕਾਰ ਦੀ ਅਜੇ ਤੱਕ ਕੋਈ ਮਦਦ ਨਾ ਮਿਲੀ। ਆਪਣੀ ਵਿਥਿਆ ਸੁਣਾਉਂਦੇ ਹੋਏ ਮੁਹੱਲਾ ਹੜਿੰਬਾ ਦੇਵੀ ਦੇ ਵਸਨੀਕ ਗੁਰਬਖ਼ਸ਼ ਰਾਮ ਨੇ ਦੱਸਿਆ ਕਿ ਉਹ ਆਪਣੀ ਧਰਮ ਪਤਨੀ ਅਤੇ ਦੋ ਜਵਾਨ ਧੀਆਂ ਨਾਲ ਢਹੇ ਹੋਏ ਮਕਾਨ 'ਚ ਰਹਿ ਰਿਹਾ ਹੈ।

ਉਹ ਪਹਿਲਾਂ ਪੱਕੇ ਮਕਾਨ ਦੀ ਗਰਾਂਟ ਅਤੇ ਹੁਣ ਮਕਾਨ ਡਿੱਗਣ ਉਪਰੰਤ ਮੁਆਵਜ਼ਾ ਲੈਣ ਲਈ ਫਾਰਮ ਭਰ ਭਰ ਕੇ ਥੱਕ ਗਿਆ ਹੈ। ਉਸ ਦੀ ਪਤਨੀ ਸੁਦਰਸ਼ਨਾ ਦੇਵੀ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਮਦਦ ਤਾਂ ਨਾ ਮਿਲੀ, ਪਰ ਮਕਾਨ ਡਿੱਗਣ ਉਪਰੰਤ ਸਿਆਸੀ ਲੋਕ ਤਸਵੀਰਾਂ ਜ਼ਰੂਰ ਖਿੱਚਵਾ ਜਾਂਦੇ ਸਨ। ਸ਼ੁਕਰ ਹੈ ਪਿੰਡ ਵਾਸੀਆਂ ਦਾ ਜਿਨ੍ਹਾਂ ਸਦਕਾ ਅੱਜ ਉਹ ਢਹੇ ਮਕਾਨ 'ਚ ਟੀਨਾਂ ਦੀ ਛੱਤ ਪਾ ਕੇ ਰਹਿ ਰਹੇ ਹਨ। ਗੁਰਬਖ਼ਸ਼ ਰਾਮ ਨੇ ਦੱਸਿਆ ਕਿ ਉਹ ਮੁਆਵਜ਼ੇ ਲਈ ਹੁਣ ਤੱਕ ਕਰੀਬ ਪੰਜ ਹਜ਼ਾਰ ਰੁਪਏ ਖਰਚ ਕਰ ਚੁੱਕਾ ਹੈ।

ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਆਫ਼ਤ ਪ੍ਰਬੰਧਨ ਤਹਿਤ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਲੋੜੀਂਦੀ ਰਾਸ਼ੀ ਸਮੇਂ ਸਿਰ ਭੇਜ ਦਿੱਤੀ ਸੀ, ਅੱਗਿਓਂ ਇਹ ਰਾਸ਼ੀ ਸਰਕਾਰ ਨੇ ਪੀੜਤਾਂ ਤੱਕ ਪਹੁੰਚਾਉਣੀ ਸੀ। ਐੱਸਡੀਐੱਮ ਮੁਕੇਰੀਆਂ ਅਸ਼ੋਕ ਕੁਮਾਰ ਨੂੰ ਇਸ ਸਬੰਧੀ ਕਈ ਵਾਰ ਫੋਨ ਕੀਤਾ, ਪਰ ਉਨ੍ਹਾਂ ਫੋਨ ਨਹੀਂ ਚੁੱਕਿਆ।

# ਵਿਰੋਧੀ ਧਿਰਾਂ ਕਿਸਾਨ ਅੰਦੋਲਨ ਉੱਤੇ ਸਿਆਸਤ ਨਾ ਕਰਨ: ਅਮੋਲਕ ਸਿੰਘ

**ਜੈਤੋ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਨੇ ਅਕਾਲੀਆਂ, ਕਾਂਗਰਸੀਆਂ ਅਤੇ ਭਾਜਪਾਈਆਂ 'ਤੇ ਮੌਜੂਦਾ ਕਿਸਾਨ ਅੰਦੋਲਨ ਨੂੰ ਢਾਲ ਬਣਾ ਕੇ ਘਟੀਆ ਸਿਆਸਤ ਕਰਨ ਦਾ ਦੋਸ਼ ਲਾਉਂਦਿਆਂ, ਇਸ ਗੰਭੀਰ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਣੀਆਂ ਬੰਦ ਕਰਨ ਦੀ ਸਲਾਹ ਦਿੱਤੀ ਹੈ। ਵਿਧਾਇਕ ਨੇ ਕਿਹਾ ਕਿ ਖੇਤੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨਾਂ ਦੇ ਪੱਖ 'ਚ ਬਾਦਲ ਪਰਿਵਾਰ ਵੱਲੋਂ ਖੁੱਲ੍ਹ ਕੇ ਕੀਤੀ ਵਕਾਲਤ ਹਾਲੇ ਤੱਕ ਲੋਕਾਂ ਨੂੰ ਭੁੱਲੀ ਨਹੀਂ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਅਤੇ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਵਜ਼ਾਰਤ ਉਦੋਂ ਛੱਡੀ ਸੀ ਜਦੋਂ ਸੰਘਰਸ਼ੀ ਕਿਸਾਨਾਂ ਨੇ ਪਿੰਡ ਬਾਦਲ 'ਚ ਬਾਦਲਾਂ ਦੇ ਘਰ ਅੱਗੇ ਪੱਕਾ ਮੋਰਚਾ ਲਾ ਦਿੱਤਾ ਸੀ। ਉਨ੍ਹਾਂ ਆਖਿਆ ਕਿ ਖੱਟਰ ਸਰਕਾਰ ਆਪਣੇ ਕੇਂਦਰੀ ਆਕਾਵਾਂ ਦੇ ਇਸ਼ਾਰੇ 'ਤੇ ਕਿਸਾਨਾਂ ਉੱਪਰ ਜਬਰ ਢਾਹ ਰਹੀ ਹੈ। ਵਿਧਾਇਕ ਨੇ ਕਿਹਾ ਕਿ ਕਾਂਗਰਸੀਆਂ ਤੇ ਭਾਜਪਾਈਆਂ ਨੂੰ ਪੰਜਾਬ ਸਰਕਾਰ ਵਿਰੁੱਧ ਫ਼ੋਬੀਆ ਹੋ ਗਿਆ ਹੈ, ਇਸੇ ਲਈ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ, ਬਾਦਲ ਪਰਿਵਾਰ ਵੱਲੋਂ ਖੁੱਲ੍ਹ ਕੇ ਕੀਤੀ ਵਕਾਲਤ ਹਾਲੇ ਤੱਕ ਲੋਕਾਂ ਨੂੰ ਭੁੱਲੀ ਨਹੀਂ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਅਤੇ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਵਜ਼ਾਰਤ ਉਦੋਂ ਛੱਡੀ ਸੀ ਜਦੋਂ ਸੰਘਰਸ਼ੀ ਕਿਸਾਨਾਂ ਨੇ ਪਿੰਡ ਪ੍ਰਤਾਪ ਸਿੰਘ ਬਾਜਵਾ ਤੋਂ ਇਲਾਵਾ ਸੁਨੀਲ ਜਾਖੜ ਬਿਨਾਂ ਸਿਰ-ਪੈਰ ਦੇ ਬਿਆਨ ਦਾਗ ਰਹੇ ਹਨ।

# ਬੱਸ ਅੱਡੇ ਨੇ ਡੰਪ ਦਾ ਰੂਪ ਧਾਰਿਆ

**ਸ਼ਾਹਬਾਦ ਮਾਰਕੰਡਾ,26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਡਵਾ ਹਲਕੇ ਅਧੀਨ ਪੈਂਦੇ ਬਾਬੈਨ ਦਾ ਬੱਸ ਸਟੈਂਡ ਸਰਕਾਰੀ ਬੇਧਿਆਨੀ ਦਾ ਸੰਤਾਪ ਭੋਗ ਰਿਹਾ ਹੈ। ਸਮਾਜ ਸੇਵੀ ਸੰਦੀਪ ਗਰਗ ਨੇ ਕਿਹਾ ਹੈ ਕਿ ਲਾਡਵਾ ਹਲਕੇ ਵਿੱਚ ਕਈ ਵਿਧਾਇਕ ਆਏ ਤੇ ਗਏ ਪਰ ਕਿਸੇ ਨੇ ਵੀ ਲੋਕਾਂ ਦੀ ਸਾਰ ਨਹੀਂ ਲਈ ਜਿਸ ਕਾਰਨ ਲਾਡਵਾ ਹਲਕਾ ਵਿਕਾਸ ਕਾਰਜਾਂ ਨੂੰ ਤਰਸ ਰਿਹਾ ਹੈ। ਉਨ੍ਹਾਂ ਆਖਿਆ ਕਿ ਬਾਬੈਨ ਵਿਚ ਬੱਸ ਸਟੈਂਡ ਤਾਂ ਬਣਿਆ ਪਰ ਉਹ ਆਪਣੀ ਬਦਹਾਲੀ 'ਤੇ ਅਥਰੂ ਵਹਾ ਰਿਹਾ ਹੈ। ਗਰਗ ਨੇ ਕਿਹਾ ਕਿ ਬੱਸ ਸਟੈਂਡ ਦੀ ਹਾਲਤ ਤਾਂ ਇਹ ਹੈ ਕਿ ਜਦ ਦਾ ਸਟੈਂਡ ਬਣਿਆ ਹੈ ਕੋਈ ਵੀ ਬੱਸ ਇਥੇ ਨਹੀਂ ਰੁਕੀ। ਹੁਣ ਆਲਮ ਇਹ ਹੈ ਕਿ ਬੱਸ ਅੱਡਾ ਹੁਣ ਬੱਸ ਖੜ੍ਹੀ ਕਰਨ ਦਾ ਨਹੀਂ ਬਲਕਿ ਗੰਦਗੀ ਸੁੱਟਣ ਦਾ ਅੱਡਾ ਬਣ ਗਿਆ ਹੈ। ਉਨ੍ਹਾਂ ਆਖਿਆ ਕਿ ਬਾਬੈਨ ਵਿਚ ਬਣੇ ਬੱਸ ਅੱਡੇ ਦੇ ਨੇੜਲੇ ਨਾਲੇ ਵੀ ਗੰਦਗੀ ਨਾਲ ਭਰੇ ਪਏ ਹਨ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੇ ਕਿ ਬੱਸ ਸਟੈਂਡ ਨੂੰ ਸਹੀ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇ।

# ਪੈਰੋਲ 'ਤੇ ਆਇਆ ਕੈਦੀ ਫਰਾਰ

**ਜੀਂਦ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਂਟਰਲ ਜੇਲ੍ਹ ਹਿਸਾਰ ਵਿੱਚ ਸਜ਼ਾਯਫ਼ਤਾ ਕੈਦੀ 29 ਨਵੰਬਰ ਨੂੰ 10 ਹਫ਼ਤੇ ਦੀ ਪੈਰੋਲ 'ਤੇ ਆਇਆ ਸੀ ਪਰ ਉਹ ਵਾਪਿਸ ਨਹੀਂ ਪਰਤਿਆ। ਇਸ ਮਾਮਲੇ ਵਿੱਚ ਹਿਸਾਰ ਜੇਲ੍ਹ ਦੇ ਡਿਪਟੀ ਸੁਪਰਡੰਟ ਦੀ ਸ਼ਿਕਾਇਤ 'ਤੇ ਥਾਣਾ ਸਦਰ ਜੀਂਦ ਪੁਲੀਸ ਨੇ ਬਰਸੋਲਾ ਵਾਸੀ ਨੀਰਜ ਉਰਫ਼ ਮੋਂਟੂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲੀਸ ਨੂੰ ਦਿੱਤੀ ਸ਼ਿਕਾਇਤ 'ਚ ਡਿਪਟੀ ਸੁਪਰਡੰਟ ਨੇ ਦੱਸਿਆ ਕਿ ਉਕਤ ਮੁਲਜ਼ਮ ਨੀਰਜ਼ਜ ਲੁੱਟ-ਖਸੁੱਟ ਅਤੇ ਆਰਮਜ਼ ਐਕਟ ਤਹਿਤ ਸਜ਼ਾ ਭੁਗਤ ਰਿਹਾ ਸੀ। ਉਸ ਨੂੰ 29 ਨਵੰਬਰ ਨੂੰ 10 ਹਫ਼ਤਿਆਂ ਲਈ ਪੈਰੋਲ ਮਿਲੀ ਸੀ। ਉਸ ਨੇ 8 ਫਰਵਰੀ ਨੂੰ ਜੇਲ੍ਹ ਵਿੱਚ ਵਾਪਸ ਆਉਣਾ ਸੀ ਜੋ ਵਾਪਸ ਨਹੀਂ ਆਇਆ।

# ਜੈਤੋ ਤੋਂ ਤੀਰਥ ਯਾਤਰਾ ਲਈ ਬੱਸ ਰਵਾਨਾ



**ਜੈਤੋ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਵਿਧਾਨ ਸਭਾ ਹਲਕਾ ਜੈਤੋ ਤੋਂ 42 ਯਾਤਰੀਆਂ ਨੂੰ ਲੈ ਕੇ ਇਕ ਬੱਸ ਸ੍ਰੀ ਆਨੰਦਪੁਰ ਸਾਹਿਬ, ਨੈਣਾ ਦੇਵੀ, ਚਿੰਤਪੁਰਨੀ ਅਤੇ ਜਵਾਲਾ ਜੀ ਲਈ ਰਵਾਨਾ ਹੋਈ।

ਜੈਤੋ ਦੇ ਵਿਧਾਇਕ ਅਮੋਲਕ ਸਿੰਘ ਆਪਣੇ ਜ਼ਰੂਰੀ ਰੁਝੇਵਿਆਂ 'ਚ ਮਸਰੂਫ਼ ਹੋਣ ਕਰਕੇ ਭਾਵੇਂ ਰਵਾਨਗੀ ਮੌਕੇ ਹਾਜ਼ਰ ਨਹੀਂ ਹੋ ਸਕੇ ਪਰ ਉਨ੍ਹਾਂ ਦੀ ਗ਼ੈਰ ਮੌਜੂਦਗੀ ਵਿੱਚ ਨਾਇਬ ਤਹਿਸੀਲਦਾਰ ਜੈਤੋ ਰਣਜੀਤ ਸਿੰਘ, ਬਲਾਕ ਪ੍ਰਧਾਨ ਪਰਮਜੀਤ ਸਿੰਘ ਸਿੱਧੂ, ਅਸ਼ੋਕ ਕੁਮਾਰ ਗਰਗ, ਸੁਖਰੀਤ ਰੋਮਾਣਾ, ਤੀਰਥ ਰਾਮ ਗਰਗ, ਕੌਂਸਲਰ ਡਾ. ਹਰੀਸ਼ ਚੰਦਰ ਤੇ ਨਰਿੰਦਰਪਾਲ ਸਿੰਘ, ਵਿਧਾਇਕ ਦੇ ਪੀਏ ਕੁਲਦੀਪ ਸਿੰਘ, ਐਸਡੀਐਮ ਜੈਤੋ ਦੇ ਰੀਡਰ ਨੇ ਤੀਰਥ ਯਾਤਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀਆਂ ਸਫ਼ਰੀ ਕਿੱਟਾਂ ਵੰਡੀਆਂ। ਕਿੱਟਾਂ ਵਿੱਚ ਛਤਰੀਆਂ, ਕੰਬਲ, ਤੌਲੀਏ ਸਮੇਤ ਕੁਝ ਹੋਰ ਕੱਪੜੇ ਅਤੇ ਖਾਣ-ਪੀਣ ਦੀਆਂ ਵਸਤਾਂ ਮੌਜੂਦ ਸਨ। ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਪੰਜਾਬ ਦੇ ਨਾਗਰਿਕਾਂ ਦਾ ਧਿਆਨ ਰੱਖਦੀ ਹੈ ਅਤੇ ਇਸ ਯਾਤਰਾ ਸਮੇਤ ਹੋਰ ਬਹੁਤ ਸਾਰੀਆਂ ਸਹੂਲਤਾਂ ਜ਼ਰੂਰੀ ਰੁਝੇਵਿਆਂ 'ਚ ਮਸਰੂਫ਼ ਹੋਣ ਕਰਕੇ ਭਾਵੇਂ ਰਵਾਨਗੀ ਮੌਕੇ ਹਾਜ਼ਰ ਨਹੀਂ ਹੋ ਸਕੇ ਪਰ ਉਨ੍ਹਾਂ ਦੀ ਗ਼ੈਰ ਮੌਜੂਦਗੀ ਵਿੱਚ ਨਾਇਬ ਤਹਿਸੀਲਦਾਰ ਜੈਤੋ ਰਣਜੀਤ ਸਿੰਘ, ਬਲਾਕ ਪ੍ਰਧਾਨ ਪਰਮਜੀਤ ਸਿੰਘਸਰਕਾਰ ਵੱਲੋਂ ਬਿਲਕੁਲ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।

# ਮਾਛੀਵਾੜਾ ਸਾਹਿਬ ਵਿੱਚ 18ਵਾਂ ਫੁੱਟਬਾਲ ਤੇ ਹਾਕੀ ਕੱਪ ਸ਼ੁਰੂ



**ਮਾਛੀਵਾੜਾ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਚਰਨ ਕੰਵਲ ਵੈੱਲਫੇਅਰ ਐਂਡ ਸਪੋਰਟਸ ਕਲੱਬ ਵੱਲੋਂ ਸਵਰਗੀ ਜਗਮੋਹਣ ਸਿੰਘ ਟੱਕਰ ਅਤੇ ਕੋਚ ਸਵਰਗੀ ਗਿਆਨ ਸਿੰਘ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ 18ਵਾਂ ਖੇਡ ਮੇਲਾ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਧੂਮਧਾਮ ਨਾਲ ਸ਼ੁਰੂ ਹੋ ਗਿਆ। ਖੇਡ ਮੇਲੇ ਦਾ ਉਦਘਾਟਨ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ ਨੇ ਕੀਤਾ। ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਖੇਡ ਮੁਕਾਬਲਿਆਂ ਵਿੱਚ ਫੁੱਟਬਾਲ ਕਲੱਬ ਦੇ ਮੁਕਾਬਲੇ ਸ਼ੁਰੂ ਹੋਏ ਜਿਨ੍ਹਾਂ ਵਿੱਚ ਦਰਜਨ ਤੋਂ ਵੱਧ ਟੀਮਾਂ ਨੇ ਐਂਟਰੀ ਕੀਤੀ। ਖੇਡ ਮੇਲੇ ਦੇ ਪ੍ਰਬੰਧਕਾਂ ਵੱਲੋਂ ਆਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਪ੍ਰਬੰਧਕਾਂ ਅਨੁਸਾਰ ਫੁੱਟਬਾਲ ਕਲੱਬ ਦੇ ਮੁਕਾਬਲਿਆਂ 'ਚ ਰਹੀਮਾਬਾਦ ਨੇ ਹਵਾਸ਼ ਨੂੰ 2-0, ਸੀੜ੍ਹਾ ਨੇ ਭੈਣੀ ਸਾਹਿਬ ਨੂੰ 2-0, ਭਰਥਲਾ ਨੇ ਆਸੀ ਨੂੰ 1-0 ਨਾਲ ਹਰਾਇਆ। ਇਸ ਤੋਂ ਇਲਾਵਾ ਬੱਚਿਆਂ ਦੇ ਫੁੱਟਬਾਲ ਮੁਕਾਬਲੇ ਵਿੱਚ ਮਾਣੇਵਾਲ ਨੇ ਮਾਛੀਵਾੜਾ ਨੂੰ 1-0 ਨਾਲ ਹਰਾਇਆ।

ਸਮੁੱਚੇ ਖੇਡ ਮੇਲੇ 'ਚ ਮੰਚ ਸੰਚਾਲਨ ਦੀ ਭੂਮਿਕਾ ਹਰਜੀਤ ਸਿੰਘ ਲੱਲਕਲ੍ਹਾਂ ਤੇ ਛਿੰਦਰਪਾਲ ਫੌਜੀ ਨੇ ਨਿਭਾਈ। ਇਸ ਮੌਕੇ ਸ਼ਿਵ ਕੁਮਾਰ ਸ਼ਿਵਲੀ, ਸੇਵਾਮੁਕਤ ਅਧਿਆਪਕ ਤਰਸੇਮ ਚੰਦ, ਹਰਬੰਸ ਲਾਲ ਚਾਨਣਾ, ਅੰਮ੍ਰਿਤਪਾਲ ਸਮਰਾਲਾ, ਮਿੰਕੂ ਹੰਸ, ਜਗਦੀਸ਼ ਚਾਨਣਾ, ਪਰਮਦੀਪਾਲ ਸਿੰਘ, ਬਾਬਾ ਵਰਿੰਦਰ ਵਾਸੂ, ਕੋਚ ਗੁਰਚਰਨ ਸਿੰਘ, ਕਾਮਰੇਡ ਦਰਸ਼ਨ ਤੋਂ ਇਲਾਵਾ ਪ੍ਰਬੰਧਕਾਂ 'ਚ ਪ੍ਰਧਾਨ ਜਸਪਾਲ ਸਿੰਘ ਜੱਜ, ਡਾ. ਅਜੀਤਪਾਲ ਗਿੱਲ, ਕਮਲਜੋਤ ਬੱਤਰਾ (ਦੋਵੇਂ ਉਪ ਪ੍ਰਧਾਨ), ਕੈਸ਼ੀਅਰ ਰਾਜ ਕੁਮਾਰ ਬੰਟੀ, ਜੁਆਇੰਟ ਕੈਸ਼ੀਅਰ ਅਮਰਜੀਤ ਸਿੰਘ ਮੁੰਡੀ, ਸਕੱਤਰ ਮਨਦੀਪ ਸਿੰਘ ਬੈਨੀਪਾਲ, ਜੁਆਇੰਟ ਸਕੱਤਰ ਗੁਰਪ੍ਰੀਤ ਸਿੰਘ ਵਿੱਕੀ, ਕੰਵਰਦੀਪ ਸਿੰਘ ਬੰਨੀ, ਗੁਰਦੀਪ ਸਿੰਘ ਬਿੱਟੂ, ਜਸਵੀਰ ਸਿੰਘ ਬੌਬੀ, ਅਸ਼ੋਕ ਕੁਮਾਰ, ਦਵਿੰਦਰ ਸਿੰਘ ਫੌਜੀ, ਜੀਤ ਰਾਮ, ਮੇਜਰ ਸਿੰਘ ਬਵੇਜਾ, ਚੰਚਲ ਕੁਮਾਰ ਨੀਟਾ, ਜਗਦੀਸ਼ ਦੀਸ਼ਾ, ਦਵਿੰਦਰ ਸਿੰਘ ਬਾਜਵਾ, ਨਿਮਰਤਪਾਲ ਸਿੰਘ (ਸਾਰੇ ਕਲੱਬ ਮੈਂਬਰ) ਮੌਜੂਦ ਸਨ।

# ਕਾਰ ਦੀ ਫੇਟ ਲੱਗਣ ਕਾਰਨ ਐਕਟਿਵਾ ਸਵਾਰ ਲੜਕੀ ਦੀ ਮੌਤ

**ਯਮੁਨਾਨਗਰ,26 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ**

ਸ਼ਹਿਰ ਦੀ ਸ਼ਾਸਤਰੀ ਕਲੋਨੀ ਵਿੱਚ ਕਾਰ ਦੀ ਫੇਟ ਲੱਗਣ ਕਾਰਨ ਐਕਟਿਵਾ ਸਵਾਰ ਲੜਕੀ ਦੀ ਮੌਤ ਹੋ ਗਈ ਤੇ ਉਸ ਦੀ ਦੋਸਤ ਲੜਕੀ ਗੰਭੀਰ ਜ਼ਖਮੀ ਹੋ ਗਈ। ਮ੍ਰਿਤਕਾ ਦੀ ਪਛਾਣ ਸੋਨੀਆ ਵਾਸੀ ਨਿਊ ਹਮੀਦਾ ਵਜੋਂ ਹੋਈ ਹੈ। ਪੁਲੀਸ ਨੇ ਮੁਲਜ਼ਮ ਕਾਰ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਗਾਂਧੀ ਨਗਰ ਵਾਸੀ ਮਾਨਸੀ ਨੇ ਥਾਣਾ ਸ਼ਹਿਰ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਨਿਊ ਹਮੀਦਾ ਦੀ ਵਸਨੀਕ ਸੋਨੀਆ ਨਾਲ ਸ਼ਾਸਤਰੀ ਕਲੋਨੀ ਤੋਂ ਐਕਟਿਵਾ 'ਤੇ ਜਾ ਰਹੀ ਸੀ।

ਐਕਟਿਵਾ ਨੂੰ ਸੋਨੀਆ ਚਲਾ ਰਹੀ ਸੀ। ਜਦੋਂ ਉਹ ਦੋਵੇਂ ਸ਼ਾਸਤਰੀ ਕਾਲੋਨੀ ਸਥਿਤ ਕੇਸ਼ਵ ਪਾਰਕ ਕੋਲ ਪਹੁੰਚੀਆਂ ਤਾਂ ਸਾਹਮਣੇ ਤੋਂ ਆਈ ਸਵਿਫਟ ਕਾਰ ਜਿਸ ਨੂੰ ਇੱਕ ਕੁੜੀ ਕਾਰ ਚਲਾ ਰਹੀ ਸੀ, ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਸੋਨੀਆ ਜ਼ਖਮੀ ਹੋ ਗਈ ਅਤੇ ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਸਿਆਸੀ ਆਗੂਆਂ ਨੇ ਸ਼ੁਭਕਰਨ ਦੇ ਪਰਿਵਾਰ ਨਾਲ ਦੁੱਖ ਵੰਡਾਇਆ

**ਚਾਉਕੇ, 26 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ**



ਖਨੌਰੀ ਬਾਰਡਰ 'ਤੇ ਗੋਲੀ ਲੱਗਣ ਕਾਰਨ ਮਾਰੇ ਗਏ ਕਿਸਾਨ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਕਾਰਨ ਪਿੰਡ ਬੱਲ੍ਹੋ ਸੋਗ ਵਿੱਚ ਡੁੱਬਿਆ ਹੋਇਆ ਹੈ। ਅੱਜ ਸ਼ੁਭਕਰਨ ਸਿੰਘ ਦੇ ਘਰ ਸਿਆਸੀ ਅਤੇ ਸਮਾਜ ਸੇਵੀ ਵਿਅਕਤੀਆਂ ਦਾ ਆਉਣਾ-ਜਾਣਾ ਲੱਗਿਆ ਰਿਹਾ। ਮ੍ਰਿਤਕ ਦੀਆਂ ਭੈਣਾਂ ਅਤੇ ਪਿਤਾ ਨੂੰ ਕੋਈ ਸੁੱਧ-ਬੁੱਧ ਨਹੀਂ ਹੈ। ਪਿੰਡ ਦੇ ਲੋਕ ਸਾਰਾ ਦਿਨ ਸਰਕਾਰ ਨੂੰ ਕੋਸਦੇ ਰਹੇ। ਅੱਜ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ, ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ, ਅਜੀਤ ਇੰਦਰ ਸਿੰਘ ਮੋਫਰ, ਗਮਦੂਰ ਸਿੰਘ ਚਾਉਕੇ, ਬਲਵਿੰਦਰ ਸਿੰਘ ਜ਼ੈਲਦਾਰ ਤੇ ਹੋਰ ਸ਼ਾਮਲ ਸਨ। ਉਧਰ ਬੀਕੇਯੂ ਸਿੱਧੂਪੁਰ ਦੇ ਸੀਨੀਅਰ ਆਗੂ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਪਟਿਆਲਾ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਨਾਲ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਕਿਸਾਨ ਆਗੂਆਂ ਦੀ ਮੀਟਿੰਗ ਹੋਈ ਹੈ। ਮੀਟਿੰਗ ਵਿਚ ਪਰਿਵਾਰ ਨੂੰ ਇੱਕ ਕਰੋੜ ਰੁਪਏ, ਇੱਕ ਸਰਕਾਰੀ ਨੌਕਰੀ, ਸ਼ੁਭਕਰਨ ਨੂੰ ਸ਼ਹੀਦ ਦਾ ਦਰਜਾ ਤੇ ਗੋਲੀ ਚਲਾਉਣ ਵਾਲਿਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਸਬੰਧੀ ਮੰਗਾਂ ਰੱਖੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਨਾਲ ਸਹਿਮਤੀ ਨਾ ਬਣੀ ਤਾਂ ਪੰਜਾਬ ਸਰਕਾਰ ਵਿਰੁੱਧ ਵੱਡੀ ਪੱਧਰ 'ਤੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮ੍ਰਿਤਕ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਪੰਜਾਬ ਵਿਚ ਅਮਨ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਰਹੀ ਅਤੇ ਸੂਬਾ ਸਰਕਾਰ ਹਰ ਫ਼ਰੰਟ 'ਤੇ ਫ਼ੇਲ੍ਹ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਨਾਲਾਇਕੀ ਕਾਰਨ ਅੱਜ ਬੱਲ੍ਹੋ ਪਿੰਡ ਦੇ ਇੱਕ ਗ਼ਰੀਬ ਪਰਿਵਾਰ ਦਾ ਚਿਰਾਗ਼ ਬੁੱਝ ਗਿਆ ਹੈ। ਪੰਜਾਬ ਸਰਕਾਰ ਨੂੰ ਹਰਿਆਣਾ ਸਰਕਾਰ ਦੇ ਗ੍ਰਹਿ ਮੰਤਰੀ ਖ਼ਿਲਾਫ਼ 302 ਦਾ ਮੁਕੱਦਮਾ ਦਰਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਕਾਂਗਰਸ ਵਿਧਾਨ ਸਭਾ ਵਿਚ ਸਰਕਾਰ ਨੂੰ ਘੇਰੇਗੀ। ਸ੍ਰੀ ਬਾਜਵਾ ਨੇ ਕਿਹਾ ਕਿ ਸੰਘਰਸ਼ ਕਰਨਾ ਹਰੇਕ ਵਿਅਕਤੀ ਦਾ ਕਾਨੂੰਨੀ ਹੱਕ ਹੈ। ਜਦੋਂ ਪਿਛਲੀ ਵਾਰ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ ਤਾਂ ਕਾਂਗਰਸ ਨੇ ਕਿਸੇ ਵੀ ਕਿਸਾਨ ਨੂੰ ਆਂਚ ਨਹੀਂ ਆਉਣ ਦਿੱਤੀ।

ਨੌਜਵਾਨ ਸ਼ੁਭਕਰਨ ਸਿੰਘ ਦੇ ਕਾਤਲਾਂ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਕਾਦੀਆ ਨੇ ਸ਼ਹੀਦ ਊਧਮ ਸਿੰਘ ਚੌਂਕ ਵਿਖੇ ਰੋਸ ਪ੍ਰਦਰਸ਼ਨ ਕੀਤਾ ਅਤੇ ਸੜਕ ਜਾਮ ਕਰਕੇ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਕੇਂਦਰ ਸਰਕਾਰ ਦੇ ਰਵੱਈਏ ਦੀ ਨਿਖੇਧੀ ਕਰਦਿਆਂ ਬੀਕੇਯੂ ਕਾਦੀਆਂ ਦੇ ਆਗੂਆਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਸ਼ੁਭਕਰਨ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਸ਼ੁਭਕਰਨ ਸਿੰਘ ਦੀ ਪੋਸਟ ਮਾਰਟਮ ਰਿਪੋਰਟ ਜਨਤਕ ਕੀਤੀ ਜਾਵੇ।



# ਨਜ਼ਰ-ਅੰਦਾਜ਼ ਨਾ ਕਰੋ ਬੱਚਿਆਂ ਦੀਆਂ ਗ਼ਲਤੀਆਂ

ਇਕਵਾਕ ਸਿੰਘ ਪੱਟੀ

ਅਕਸਰ ਪਰਿਵਾਰਾਂ ਵਿਚ ਜਦ ਛੋਟੇ ਬੱਚੇ ਤੋਤਲਾ ਬੋਲਣਾ ਸ਼ੁਰੂ ਕਰਦੇ ਹਨ ਤਾਂ ਸਭ ਨੂੰ ਬਹੁਤ ਚੰਗੇ ਲੱਗਦੇ ਹਨ। ਉਹ ਜੋ ਵੀ ਬੋਲਦੇ ਹਨ ਉਸਦਾ ਉਚਾਰਨ ਭਾਵੇਂ ਗ਼ਲਤ ਵੀ ਹੋਵੇ ਪਰ ਸਾਨੂੰ ਸੁਣਨ ਵਿਚ ਵਧੀਆ ਅਤੇ ਪਿਆਰਾ ਲੱਗਦਾ ਹੈ। ਫਿਰ ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਜਾਂਦੇ ਹਨ ਤਾਂ ਉਨ੍ਹਾਂ ਦੇ ਬੋਲ ਹੋਰ ਸਪੱਸ਼ਟ ਹੁੰਦੇ ਜਾਂਦੇ ਹਨ ਪਰ ਕੁਝ ਆਦਤਾਂ ਜਾਂ ਵੱਡਿਆਂ ਨੂੰ ਬੁਲਾਉਣ ਦਾ ਢੰਗ ਨਹੀਂ ਬਦਲਦਾ। ਕਈ ਵਾਰ ਅਸੀਂ ਵੀ ਬੱਚਿਆਂ ਦੀ ਉਹ ਆਦਤਾਂ ਬਦਲਣ ਦੀ ਕੋਸ਼ਿਸ਼ ਨਹੀਂ ਕਰਦੇ। ਮਿਸਾਲ ਦੇ ਤੌਰ ਤੇ ਛੋਟੇ ਬੱਚੇ ਕਈ ਵਾਰ ਆਪਣੇ ਮਾਤਾ-ਪਿਤਾ ਜਾਂ ਪਰਿਵਾਰ ਦੇ ਹੋਰ ਜੀਆਂ ਦਾ ਨਾਂ ਲੈ ਕੇ ਬੁਲਾਉਂਦੇ ਹਨ, ਉਦੋਂ ਤਾਂ ਸਾਨੂੰ ਚੰਗਾ ਲੱਗਦਾ ਹੈ ਪਰ ਜਿਵੇਂ ਜਿਵੇਂ ਬੱਚੇ ਵੱਡੇ ਹੋ ਜਾਂਦੇ ਹਨ ਉਨ੍ਹਾਂ ਦੀ ਇਹੀ ਆਦਤ ਬਣ ਜਾਂਦੀ ਹੈ, ਜਦ ਕਿਤੇ ਅੰਦਰ ਬਾਹਰ ਉਹ ਆਪਣੇ ਮਾਤਾ-ਪਿਤਾ ਨੂੰ ਨਾਂ ਲੈ ਕੇ ਬੁਲਾਉਣ ਤਾਂ ਉਸ ਵੇਲੇ ਸਾਨੂੰ ਕਿਰਕਿਰੀ ਜਿਹੀ ਹੋਈ ਮਹਿਸੂਸ ਹੁੰਦੀ ਹੈ, ਕਿਉਂਕਿ ਇਸ ਨਾਲ ਮਾਤਾ-ਪਿਤਾ ਦੀ ਪਰਵਰਿਸ਼ ਤੇ ਵੀ ਸਵਾਲੀਆ ਚਿੰਨ੍ਹ ਲੱਗ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਹੋ ਰਹੇ ਵਿਕਾਸ ਦੇ ਨਾਲ ਨਾਲ ਅਸੀਂ ਕੁਝ ਸਮਾਂ ਬੱਚਿਆਂ ਵਾਸਤੇ ਕੱਢ ਕੇ ਉਨ੍ਹਾਂ ਦੀ ਬੋਲ-ਬਾਣੀ, ਉੱਠਣ-ਬੈਠਣ, ਖਾਣ-ਪੀਣ ਆਦਿ ਦਾ ਸਲੀਕਾ ਵੀ ਸਿਖਾਈਏ।

## ਸਮਝਾਉਣ ਦੀ ਕੋਸ਼ਿਸ਼

ਧੰਨਵਾਦ ਕਹਿਣ ਦੀ ਆਦਤ-ਅਕਸਰ ਹੀ ਛੋਟੇ ਬੱਚਿਆਂ ਦੇ ਜਨਮ ਦਿਨ ਮੌਕੇ ਜਾਂ ਵੈਸੇ ਵੀ ਜਦ ਮਹਿਮਾਨ ਘਰ ਆਉਂਦੇ ਹਨ ਤਾਂ ਘਰ ਵਿਚ ਛੋਟੇ ਬੱਚੇ ਹੋਣ ਕਰਕੇ ਉਨ੍ਹਾਂ ਲਈ ਕੁਝ ਤੋਹਫ਼ੇ, ਚਾਕਲੇਟ, ਟਾਫ਼ੀਆਂ ਜਾਂ ਹੋਰ ਸੌਗਾਤਾਂ ਲੈ ਕੇ ਆਉਂਦੇ ਹਨ ਤਾਂ ਬੱਚਿਆਂ ਕੋਲੋਂ ਮਹਿਮਾਨਾਂ ਨੂੰ ਧੰਨਵਾਦ, ਮਿਹਰਬਾਨੀ ਕਹਿਣ ਦੀ ਆਦਤ ਪਾਉਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਦੇਖਣ ਵਿੱਚ ਆਉਂਦਾ ਹੈ ਬੱਚੇ ਕਹਿ ਦਿੰਦੇ ਹਨ ਕਿ ਇਹ ਤੋਹਫਾ ਉਹਨਾਂ ਨੂੰ ਪਸੰਦ ਨਹੀਂ ਹੈ, ਜਾਂ ਇਸ ਨੂੰ ਬਦਲ ਕੇ ਦੂਜਾ ਲੈ ਕੇ ਦਿਉ ਜਾਂ ਕਈ ਵਾਰ ਆਪ ਹੀ ਮਹਿਮਾਨਾਂ ਕੋਲੋਂ ਪੈਸੇ ਜਾਂ ਤੋਹਫੇ ਮੰਗਦੇ ਹਨ। ਬੱਚੇ ਹੋਣ ਕਰਕੇ ਸਾਹਮਣੇ ਤਾਂ ਕੋਈ ਕੁਝ ਨਹੀਂ ਕਹਿੰਦਾ ਪਰ ਪਿੱਠ ਪਿੱਛੇ ਜ਼ਰੂਰ ਗੱਲਾਂ ਬਣ ਜਾਂਦੀਆਂ ਹਨ ਅਤੇ ਬੱਚਿਆਂ ਲਈ ਵੀ ਅਜਿਹੀ ਆਦਤ ਅੱਗੇ ਜਾ ਕੇ ਨੁਕਸਾਨ ਵਾਲੀ ਹੋ ਸਕਦੀ ਹੈ, ਇਸ ਲਈ ਬੱਚਿਆਂ ਨੂੰ ਚੰਗੀ ਸਿੱਖਿਆ ਉਹਨਾਂ ਦੇ ਵੱਡੇ ਹੋਣ ਦੇ ਨਾਲ ਨਾਲ ਹੀ ਦਿੰਦੇ ਰਹਿਣਾ ਚਾਹੀਦਾ ਹੈ ਅਤੇ ਹਰ ਮਿਲਣ ਵਾਲੀ ਸ਼ੈਅ ਲਈ ਧੰਨਵਾਦ ਬੱਚਿਆਂ ਕੋਲੋਂ ਕਹਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਸੰਬੋਧਨ

ਜਿਵੇਂ ਸ਼ੁਰੂ ਵਿੱਚ ਹੀ ਅਸੀਂ ਗੱਲ ਕਰ ਆਏ ਹਾਂ ਕਿ ਜਦ ਬੱਚੇ ਘਰ ਵਿਚ ਵੱਡਿਆਂ ਦਾ ਨਾਂ ਲੈਂਦੇ ਹਨ ਤਾਂ ਅਸੀਂ ਅਣਦੇਖਾ ਕਰ ਜਾਂਦੇ ਹਨ ਅਤੇ ਵੱਡੇ ਹੋਣ ਤੇ ਉਨ੍ਹਾਂ ਦੀ ਇਹੀ ਆਦਤ ਪੱਕ ਜਾਂਦੀ ਹੈ, ਜਿਸ ਨੂੰ ਬਦਲਣਾ ਬਾਅਦ ਵਿਚ ਮੁਸ਼ਕਿਲ ਹੋ ਜਾਂਦਾ ਹੈ। ਜਦ ਅਸੀ ਵੱਡਿਆਂ (ਰਿਸ਼ਤੇਦਾਰਾਂ) ਨਾਲ ਬੱਚਿਆਂ ਨੂੰ ਮਿਲਵਾਉਂਦੇ ਹਨ ਤਾਂ ਬੱਚਿਆਂ ਇਹ ਜ਼ਰੂਰ ਦੱਸਿਆ ਜਾਵੇ ਕਿ ਉਹ ਸਾਡੇ ਰਿਸ਼ਤੇ ਵਿਚ ਕੀ ਲੱਗਦੇ ਹਨ ਤਾਂ ਕਿ ਬੱਚੇ ਛੇਤੀ ਨਾਲ ਵੱਡਿਆਂ ਨੂੰ ਕਿਵੇਂ ਅਤੇ ਕਿਸ ਰਿਸ਼ਤੇ ਦੇ ਨਾਂ ਤੇ ਸੰਬੋਧਨ ਹੋਣਾ ਹੈ ਪਤਾ ਲੱਗ ਜਾਏ।

## ਸਬਰ ਰੱਖਣ ਦੀ ਜਾਚ

ਰਿਸ਼ਤੇਦਾਰਾਂ ਦੇ ਘਰ ਜਾਂ ਕੁਝ ਥਾਵਾਂ ਤੇ ਜਾ ਕੇ ਬੱਚੇ ਬਹੁਤ ਜਲਦੀ ਘੁਲ ਮਿਲ ਜਾਂਦੇ ਹਨ ਅਤੇ ਫਿਰ ਆਪਣੀ ਮਰਜ਼ੀ ਕਰਦੇ ਹੋਏ ਜਿੱਧਰ ਮਰਜ਼ੀ ਬਿਨ੍ਹਾਂ ਦੇਖੇ ਜਾਂ ਸੋਚੇ ਸਮਝੇ ਭੱਜੇ ਫਿਰਦੇ ਹਨ, ਜਿਵੇਂ ਮਰਜ਼ੀ ਕਿਸੇ ਚੀਜ਼ ਨੂੰ ਬਿਨ੍ਹਾਂ ਇਜਾਜ਼ਤ ਦੇ ਚੁੱਕ ਲੈਂਦੇ ਹਨ। ਕਈ ਵਾਰ ਕੁਝ ਚੀਜ਼ਾਂ ਜਾਂ ਖਿਡੌਣੇ ਟੁੱਟ ਵੀ ਜਾਂਦੇ ਹਨ। ਉਸ ਵੇਲੇ ਮੌਕੇ ਤੇ ਹੀ ਅਸੀਂ ਬੱਚਿਆਂ ਨੂੰ ਝਿੜਕ ਦਿੰਦੇ ਹਾਂ ਜਾਂ ਕਈ ਵਾਰ ਥੱਪੜ ਵੀ ਜੜ੍ਹ ਦਿੰਦੇ ਹਾਂ। ਇਸ ਨਾਲੋਂ ਚੰਗਾ ਹੈ ਕਿ ਬੱਚਿਆਂ ਨੂੰ ਘਰ ਵਿੱਚ ਹੀ ਜਾਂ ਘਰ ਆ ਕੇ ਹਰ ਚੀਜ਼ ਪ੍ਰਤੀ ਉਹਨਾਂ ਦੀ ਜੁਆਬਦੇਹੀ ਦੀ ਆਦਤ ਸਿਖਾਈ ਜਾਵੇ। ਜਦ ਤਕ ਮੇਜ਼ਬਾਨ ਖਾਣ ਲਈ ਨਾ ਕਹੇ ਤਦ ਤੱਕ ਸਬਰ ਰੱਖਣ ਦੀ ਜਾਚ ਬੱਚਿਆਂ ਨੂੰ ਸਿਖਾਈ ਜਾਵੇ। ਇਸੇ ਤਰ੍ਹਾਂ ਬੱਚਿਆਂ ਵੱਲੋਂ ਜੂਠਾ ਛੱਡਣ ਦੀ ਆਦਤ ਨੂੰ ਜ਼ਰੂਰ ਬਦਲਿਆ ਜਾਵੇ ਅਤੇ ਘਰ ਵਿੱਚ ਵੀ ਇਹ ਯਕੀਨੀ ਬਣਾਇਆ ਜਾਵੇ।

## ਪ੍ਰੇਰਨਾ

ਕਿਸੇ ਦੇ ਘਰ ਪ੍ਰਹੁਣੇ ਬਣ ਕੇ ਜਾਣ ਤੋਂ ਬਾਅਦ ਉੱਥੇ ਖਾਣਾ ਪ੍ਰੋਸਣ ਵੇਲੇ ਇਕ ਦੂਜੇ ਦੀ ਮੱਦਦ ਕਰਨ ਦੀ ਜਾਚ ਸਿਖਾਈ ਜਾਵੇ। ਇਹ ਆਦਤ ਘਰ, ਸਕੂਲ, ਪਾਰਕ ਬਾਜ਼ਾਰ ਆਦਿ ਹੋਰ ਥਾਵਾਂ ਤੇ ਕਾਰ-ਵਿਹਾਰ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰੇਗੀ ਅਤੇ ਮਾਤਾ-ਪਿਤਾ ਦਾ ਵੀ ਨਾਂ ਚਮਕੇਗਾ। ਘਰੇਲੂ ਕੰਮਾਂ ਵਿੱਚ ਵੀ ਬੱਚਿਆਂ ਨੂੰ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾ ਨਾਲ ਛੋਟੇ ਮੋਟੇ ਕੰਮਾਂਕਾਰਾਂ ਵਿਚ ਹੱਥ ਵਟਾਉਣ ਦੀ ਜਾਚ ਸਿਖਾਈ ਜਾਵੇ। ਅਜਿਹੇ ਹੋਰ ਵੀ ਬਹੁਤ ਸਾਰੇ ਨੁਕਤੇ ਹਨ ਜਿੰਨ੍ਹਾਂ ਨੂੰ ਅਜ਼ਮਾ ਕੇ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਤਹਿਜ਼ੀਬ ਸਿਖਾ ਸਕਦੇ ਹਾਂ। ਇਹ ਕੇਵਲ ਬਚਪਨ ਵਿੱਚ ਹੀ ਨਹੀਂ ਸਗੋਂ ਉਮਰ ਦੇ ਹਰ ਪੜਾਅ ਵਿੱਚ ਉਨ੍ਹਾਂ ਦੀ ਮੱਦਦ ਕਰੇਗੀ ਅਤੇ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ। ਜਿਹੋ ਜਿਹਾ ਵਿਹਾਰ ਅਸੀਂ ਬੱਚਿਆਂ ਕੋਲੋਂ ਚਾਹੁੰਦੇ ਹਾਂ ਉਹੋ ਜਿਹਾ ਵਿਵਹਾਰਕ ਜੀਵਣ ਸਾਨੂੰ ਵੀ ਜਿਊਣਾ ਪਵੇਗਾ। ਆਓ! ਬੱਚਿਆਂ ਨੂੰ ਚੰਗੇ ਨਾਗਰਿਕ ਅਤੇ ਸਾਮਜਿਕ ਜੀਵ ਬਣਾਉਣ ਵਿੱਚ ਉਹਨਾਂ ਦੀ ਮੱਦਦ ਕਰੀਏ। •

**ਬੱਚਿਆਂ ਨੂੰ ਇਕ ਦੂਜੇ ਦੀ ਮਦਦ ਕਰਨੀ ਸਿਖਾਈ ਜਾਵੇ। ਇਹ ਆਦਤ ਘਰ, ਸਕੂਲ, ਪਾਰਕ ਆਦਿ ਥਾਵਾਂ 'ਤੇ ਕਾਰ-ਵਿਹਾਰ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰੇਗੀ ਤੇ ਮਾਤਾ-ਪਿਤਾ ਦਾ ਨਾਂ ਵੀ ਚਮਕਾਵੇਗੀ...**



## ਇੰਤਜ਼ਾਰ ਕਰਨਾ

ਛੋਟੇ ਬੱਚਿਆਂ ਨੂੰ ਘਰ ਦੇ ਦਰਵਾਜ਼ੇ 'ਤੇ ਲੱਗੀ ਘੰਟੀ ਵਜਾਉਣਾ ਬਹੁਤ ਅਨੰਦਿਤ ਕਰਦਾ ਹੈ। ਉਹ ਬਾਰ-ਬਾਰ ਉਸ ਨੂੰ ਵਜਾਉਂਦੇ ਹਨ, ਜੋ ਕਿ ਬਹੁਤ ਭੱਦਾ ਲੱਗਦਾ ਹੈ, ਕਿਉਂਕਿ ਅੰਦਰ ਬੈਠਾ ਬੰਦਾ ਖਿੱਝ ਜਾਂਦਾ ਹੈ ਅਤੇ ਬੁਰਾ ਭਲਾ ਕਹਿੰਦਾ ਹੋਇਆ ਬਾਹਰ ਬੂਹਾ ਖੋਲ੍ਹਣ ਆਉਂਦਾ ਹੈ। ਇਸ ਦੇ ਨਾਲ ਦਰਵਾਜ਼ਾ ਖੁੱਲ੍ਹਦੇ ਹੀ ਸਾਡੇ ਬੱਚੇ ਬਿਨ੍ਹਾਂ ਸਲਾਮ ਦੁਆ ਕੀਤੇ ਇਕ ਦਮ ਭੱਜ ਕੇ ਅੰਦਰ ਵੱਲ ਨੂੰ ਭੱਜ ਜਾਂਦੇ ਹਨ, ਜੋ ਕਿ ਵੱਡਿਆ ਲਈ ਵੀ ਨਮੋਸ਼ੀ ਭਰਿਆ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਦੱਸਿਆ ਜਾਵੇ ਕਿ ਘੰਟੀ ਵਜਾਉਣ ਤੋਂ ਬਾਅਦ ਕੁਝ ਦੇਰ ਇੰਤਜ਼ਾਰ ਕਰਨਾ ਚਾਹੀਦਾ ਹੈ। ਦੋਸਤ-ਮਿੱਤਰ, ਰਿਸ਼ਤੇਦਾਰ ਜਾਂ ਕਿੰਨਾ ਵੀ ਨਜ਼ਦੀਕੀ ਕਿਉਂ ਨਾ ਹੋਵੇ, ਸ਼ਿਸ਼ਟਾਚਾਰ ਹਰ ਥਾਂ ਉਨਾਂ ਹੀ ਜ਼ਰੂਰੀ ਹੁੰਦਾ ਹੈ।

---

# ਨਾਨਕੇ ਜਾਣ ਦਾ ਚਾਅ

ਸੁਖਪਾਲ ਸਿੰਘ ਗਿੱਲ



ਬਦਲੇ ਸਮੇਂ ਅਤੇ ਸਮਾਜਿਕ ਕ੍ਰਾਂਤੀ ਨੇ ਬਹੁਤੀਆਂ ਰਸਮਾਂ ਅਤੇ ਰਿਵਾਜ ਆਪਣੀ ਬੁੱਕਲ ਵਿਚ ਲੁਕੋ ਲਏ ਹਨ। ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਸਮਾਜਿਕ ਪ੍ਰਾਣੀ ਹੀ ਨਹੀਂ ਰਹੇ। ਰਿਸ਼ਤੇ ਨਾਤਿਆਂ ਦੀ ਮੋਹ ਭਿੱਜੀ ਦਾਸਤਾਨ ਚਾਅ ਮਲ੍ਹਾਰਾਂ ਵਿੱਚੋਂ ਨਿਕਲ ਕੇ ਨਾਪਾਕ ਇਰਾਦਿਆਂ ਵੱਲ ਤੁਰ ਪਈ ਹੈ। ਇਸੇ ਪ੍ਰਸੰਗ ਵਿਚ ਪਿੱਛੇ ਝਾਤ ਮਾਰ ਕੇ ਦੇਖੀਏ ਤਾਂ ਨਾਨਕਿਆਂ ਨੂੰ ਜਾਣ ਦਾ ਚਾਅ ਫਿੱਕਾ ਪੈ ਗਿਆ ਹੈ। ਸਮਾਜਿਕ ਜੀਵ ਦੀ ਸੁਰਤਾਲ ਕਰਕੇ ਨਾਨਕਿਆਂ ਦਾ ਚਾਅ ਹੁੰਦਾ ਸੀ ਜੋ ਹੁਣ ਫ਼ਿਕਰਾਂ ਅਤੇ ਬੇ-ਸੁਆਦਗੀ ਵਿਚ ਗੁਆਚ ਗਿਆ ਹੈ। ਨਾਨਕਾ ਪਰਿਵਾਰ ਨਾਨੇ ਦਾ ਟੱਬਰ ਕਹਿਲਾਉਂਦਾ ਹੈ। ਇਸ ਟੱਬਰ ਨਾਲ ਮੋਹ ਨੂੰ ਸਮਾਜਿਕ ਮਾਨਤਾ ਹਾਸਲ ਹੈ। ਜੰਮਣ ਤੋਂ ਲੈ ਕੇ ਮਰਨ ਤਕ ਬਹੁਤ ਰਸਮਾਂ ਰਿਵਾਜ ਨਾਨਕਿਆਂ ਤੋਂ ਬਿਨਾਂ ਅਧੂਰੇ ਹੁੰਦੇ ਹਨ। ਅੱਜ ਜੰਮਣ ਤੋਂ ਬਾਅਦ ਨਾਨਕਿਆਂ ਵੱਲੋਂ ਦਿੱਤੀ ਜਾਂਦੀ ਛੂਛਕ ਹਕੀਕਤ ਦੀ ਬਜਾਏ ਕਿਤਾਬਾਂ ਵਿਚ ਹੀ ਮਿਲਦੀ ਹੈ। ਨਾਨਕ-ਛੱਕ ਦੇਣ ਦਾ ਰੁਝਾਨ ਨਾਨਕਿਆਂ ਨਾਲ ਮੋਹ ਭਿੱਜੀ ਰਸਮ ਹੈ। ਸਾਡੇ ਸੱਭਿਆਚਾਰ ਵਿਚ ਵੀ ਨਾਨਕ-ਛੱਕ ਦੇਣ ਸਮੇਂ ਨਾਨਕਿਆਂ ਨੂੰ ਸੱਭਿਆਚਾਰਕ ਟਕੋਰਾਂ ਦੇਣ ਦੀ ਵੰਨਗੀ ਮਿਲਦੀ ਹੈ।

*ਛੱਜ ਓਹਲੇ ਛਾਨਣੀ*
*ਪਰਾਤ ਓਹਲੇ ਡੋਈ ਵੇ*
*ਨਾਨਕਿਆਂ ਦਾ ਮੇਲ ਆਇਆ*
*ਚੱਜ ਦਾ ਨਾ ਕੋਈ ਵੇ...*

ਸਮਾਂ ਸੀ ਜਦੋਂ ਬਚਪਨ ਵਿਚ ਸਕੂਲ ਜਾਂਦੀ ਸਾਰ ਹੀ ਨਾਨਕੇ ਜਾਣ ਦੇ ਚਾਅ ਵਿਚ ਛੁੱਟੀਆਂ ਦੀ ਉਡੀਕ ਕਰਦੇ ਰਹਿੰਦੇ ਸੀ। ਬੱਸ ਉਤਰ ਕੇ ਮਾਂ ਤੋਂ ਪਹਿਲਾਂ ਭੱਜ ਕੇ ਨਾਨੀ ਨੂੰ ਮਿਲਣਾ ਅਲੱਗ ਮੋਹ ਦੀ ਖਿੱਚ ਹੁੰਦੀ ਸੀ। ਕੁਝ ਘਰਾਂ ਵਿਚ ਟਾਵਾਂ ਟਿੱਲੇ ਬਾਪੂ ਵੱਲੋਂ ਬੇਬੇ ਨੂੰ ਛੁੱਟ ਕੇ ਨਾਨਕੇ ਭੇਜ ਦਿੱਤਾ ਜਾਂਦਾ ਸੀ। ਇਸ ਸਮੇਂ ਬੱਚੇ ਨੂੰ ਨਾਨਕੇ ਜਾਣ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਸੀ। ਕਿਹਾ ਵੀ ਜਾਂਦਾ ਹੈ 'ਪੇਕੇ ਮਾਂਵਾ ਨਾਲ ਨਾਨਕੇ ਨਾਨੀ ਨਾਲ।'ਨਾਨਕੇ ਜਾਣਾ ਦਾ ਹੱਕ ਅਤੇ ਨਾਨਕਿਆਂ ਵੱਲੋਂ ਆਓ ਭਗਤ ਫ਼ਰਜ਼ ਹੁੰਦੇ ਸਨ। ਨਾਨਕੇ ਜਾਣ ਲਈ ਸਕੂਲ ਅਤੇ ਘਰ ਦਾ ਕੰਮ ਚਾਅ-ਚਾਅ ਵਿਚ ਮੁਕਾ ਲਿਆ ਜਾਂਦਾ ਸੀ। ਨਾਨੇ-ਨਾਨੀ ਨਾਲ ਲਾਡ ਬੱਚੇ ਨੂੰ ਵਿਗਾੜ ਵੀ ਦਿੰਦਾ ਸੀ। ਜੀਤੋ , ਪ੍ਰੀਤੋ ਅਤੇ ਨਸੀਬੋ ਦਾ ਬੱਚਾ ਹੈ ਇਹ ਬੱਚੇ ਦੀ ਪਛਾਣ ਨਾਨਕਿਆਂ ਵਿਚ ਮਾਂ ਦੇ ਨਾਂ ਨਾਲ ਹੁੰਦੀ ਸੀ। ਕੋਈ ਨਹੀਂ ਕਹਿੰਦਾ ਸੀ ਕਿ ਨਕੌ ਜਾ ਬੰਤੇ ਦਾ ਬੱਚਾ ਹੈ। ਨਾਨੇ-ਨਾਨੀ ਵੱਲੋਂ ਦਿੱਤੀ ਜਾਂਦੀ ਚੀਜ਼ੀ ਕਰਕੇ ਨਾਨਕਿਆਂ ਦਾ ਚਾਅ ਰਹਿੰਦਾ ਸੀ। •

98781-11445

---

# ਦਾਦੇ ਪੋਤੇ ਦਾ ਪਿਆਰ



ਅਕਸਰ ਇਹ ਗੱਲ ਸੁਣਦੇ ਹਾਂ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਇਹ ਗੱਲ ਜਦੋਂ ਦਾਦਾ ਆਪਣੇ ਪੋਤੇ ਨੂੰ ਜਾਨ ਤੋਂ ਵਧ ਪਿਆਰ ਕਰਦਾ ਹੋਵੇ। ਬੱਚੇ ਦਾ ਮਾਂ ਪਿਉ ਦੀ ਇਹ ਸ਼ਿਕਾਇਤ ਹੁੰਦੀ ਹੈ ਕਿ ਸਾਡੀ ਔਲਾਦ ਨੂੰ ਤਾਂ ਦਾਦੀ-ਦਾਦੇ ਦੇ ਪਿਆਰ ਨੇ ਵਿਗਾੜ ਕੇ ਰੱਖ ਦਿੱਤਾ। ਸਾਡਾ ਤਾਂ ਕਹਿਣਾ ਹੀ ਨਹੀਂ ਮੰਨਦੇ। ਕਈ ਵਾਰ ਘਰਾਂ ਵਿਚ ਇਹ ਨੋਕ-ਝੋਕ ਸੁਣਨ ਵੇਖਣ ਨੂੰ ਮਿਲਦੀ ਹੈ ਪਰ ਪਿਆਰ ਦੀ ਕੋਈ ਹੱਦ ਸੀਮਿਤ ਨਹੀਂ ਹੁੰਦੀ। ਕਿਉਂਕਿ ਮਾਂ ਪਿਉ ਨੂੰ ਜ਼ਿੰਦਗੀ ਦੇ ਰੁਝੇਵੇਂ ਹੀ ਨਹੀਂ ਛੱਡਦੇ। ਦੂਜੇ ਪਾਸੇ ਰੁਝੇਵਿਆਂ ਤੋਂ ਪਰੇ ਹਟ ਕੇ ਦਾਦੇ-ਦਾਦੀਆਂ ਆਪਣੀਆਂ ਪੋਤੇ-ਪੋਤਿਆਂ ਨੂੰ ਖੁਆਉਣ ਪਿਆਉਣ ਵਿਚ ਲੱਗੇ ਰਹਿੰਦੇ ਹਨ ਤੇ ਫਿਰ ਇਹ ਵੀ ਗੱਲ ਇੱਥੇ ਕਹਿਣੀ ਬਣਦੀ ਹੈ ਕਿ ਬੱਚਾ ਤੇ ਜਾਨਵਰ ਦੋਵੇਂ ਪਿਆਰ ਦੇ ਭੁੱਖੇ ਹੁੰਦੇ ਹਨ। ਇਨ੍ਹਾਂ ਨੂੰ ਜੋ ਵੀ ਪਿਆਰ ਕਰਦਾ, ਉਸ ਵੱਲ ਭੱਜੇ ਆਉਂਦੇ ਹਨ।

ਕਈ ਮਿਸਾਲਾ ਸਮਾਜ ਵਿਚ ਹਨ ਕਿ ਦਾਦੇ-ਦਾਦੀਆਂ ਨੇ ਆਪਣੇ ਪੋਤੇ-ਪੋਤੀਆਂ ਵਾਸਤੇ ਕੀ ਕਰ ਦਿੱਤਾ। ਕਹਿੰਦੇ ਹਨ ਕਿ ਕੋਈ ਇਨਸਾਨ ਭਾਵੇਂ ਉਸ ਦਾ ਸਮਾਜ ਵਿਚ ਕਿੱਡਾ ਵੱਡਾ ਰੁਤਬਾ ਵੀ ਕਿਉਂ ਨਾ ਹੋਵੇ। ਉਹ ਕਿਸੇ ਅੱਗੇ ਵੀ ਝੁਕਿਆ ਨਾ ਹੋਵੇ। ਕਿਸੇ ਦੀ ਗੱਲ ਵੀ ਨਾ ਮੰਨਦਾ ਹੋਵੇ। ਗੱਲ ਕੀ ਜਿੱਡਾ ਮਰਜ਼ੀ ਜ਼ਿੱਦੀ ਜਾਂ ਢੀਠ ਨਾ ਹੋਵੇ ਪਰ ਉਹ ਉਸ ਵਕਤ ਮੋਮ ਬਣ ਜਾਂਦਾ ਹੈ। ਜਦੋਂ ਉਸ ਦਾ ਪੋਤਰਾ ਕਹੇ,'ਬਾਪੂ ਤੂੰ ਘੋੜਾ ਬਣ ਜਾ।' ਉਹ ਇਕ ਵਾਰੀ ਵੀ ਨਹੀਂ ਸੋਚੇਗਾ। ਫੱਟ ਜ਼ਮੀਨ 'ਤੇ ਲੰਮਾ ਪੈ ਕੇ ਉਸ ਅੱਗੇ ਘੋੜਾ ਬਣ ਜਾਵੇਗਾ। ਫਿਰ ਬੱਚਾ ਭਾਵੇਂ ਉਸ ਨੂੰ ਘੋੜਾ ਬਣਾਵੇ ਤੇ ਭਾਵੇਂ ਉਸ ਨੂੰ ਜ਼ਮੀਨ ਤੇ ਲਿਟਾਈ ਜਾਵੇ, ਕੋਈ ਫ਼ਰਕ ਨਹੀਂ ਪੈਂਦਾ। ਇਹ ਹੁੰਦਾ ਹੈ ਦਾਦੇ ਦਾ ਪੋਤਿਆਂ ਦਾ ਪਿਆਰ।

• ਜਸਵਿੰਦਰ ਸਿੰਘ ਭੁਲੇਰੀਆਂ
75891-55501

---

# ਜਾਗੀਆਂ ਰੂਹਾਂ ਦੀ ਦਾਸਤਾਂ

ਸੁਰਜੀਤ ਸਿੰਘ 'ਔਲਖ'

ਸੰਸਾਰ ਦੀ ਸੱਭਿਅਤਾ ਦਾ ਇਤਿਹਾਸ ਪੜ੍ਹ ਕੇ ਪਤਾ ਲੱਗਦਾ ਹੈ ਕਿ ਜਿਨ੍ਹਾਂ ਕੌਮਾਂ ਨੇ ਸੰਸਾਰ ਵਿਚ ਜਾਗ੍ਰਿਤੀ ਲਿਆਂਦੀ ਅਤੇ ਜਿਸ ਤੋਂ ਰੌਸ਼ਨੀ ਲੈ ਕੇ ਜਗਤ ਨੇ ਜੀਵਨ-ਯਾਤਰਾ ਦੇ ਸੁਖੈਨ ਅਤੇ ਚੰਗੇ ਢੰਗ ਸਿੱਖੇ, ਉਨ੍ਹਾਂ ਵਿੱਚੋਂ ਯੂਨਾਨੀ ਇਕ ਉੱਘੀ ਅਤੇ ਚੋਟੀ ਦੀ ਕੌਮ ਹੋਈ ਹੈ। ਕਈ ਲੋਕਾਂ ਦਾ ਖ਼ਿਆਲ ਹੈ ਕਿ ਭਾਰਤਵਰਸ਼ ਤੋਂ ਬਾਅਦ, ਜੋ ਪੱਛਮੀ ਕੌਮਾਂ ਨੂੰ ਦੀਨੀ ਅਤੇ ਦੁਨਿਆਵੀ ਵਿੱਦਿਆ ਵਿਚ ਪ੍ਰਸਿੱਧ ਉਸਤਾਦ ਮਿਲਿਆ, ਉਹ ਯੂਨਾਨ ਹੀ ਸੀ। ਪੱਛਮੀ ਫਲਸਫੇ ਦਾ ਮੂਲ ਜੇ ਯੂਨਾਨ ਦੇ ਦਿਮਾਗ਼ ਤੋਂ ਮੰਨ ਲਿਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ। ਜਿਹੜੇ ਮਹਾਪੁਰਸ਼ਾਂ ਨੇ ਅੱਡੋ- ਅੱਡ ਸਮਿਆਂ ਵਿਚ ਪੈਦਾ ਹੋ ਕੇ ਆਪਣੇ ਉੱਚ-ਜੀਵਨ ਨਾਲ ਇਸ ਸ਼ਾਨ ਨੂੰ ਵਧਾਇਆ ਹੈ, ਉਨ੍ਹਾਂ ਵਿੱਚੋਂ ਸੁਕਰਾਤ ਦਾ ਨਾਂ ਵਰਣਨਯੋਗ ਹੈ। ਇਸ ਮਹਾਤਮਾ ਦੇ ਜੀਵਨ ਵੱਲ ਨਜ਼ਰ ਮਾਰੀਏ ਤਾਂ ਸੱਚ, ਸ਼ਾਂਤੀ, ਧੀਰਜ ਅਤੇ ਧਰਮ ਦਾ ਇਕ ਦਰਿਆ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ, ਜਿਸ ਨੇ ਕੁਰਬਾਨੀਆਂ ਦੇ ਉਛਾਲੇ ਨਾਲ, ਯੂਨਾਨੀ ਅਤੇ ਹੋਰ ਕੌਮਾਂ ਦੇ ਹਿਰਦੇ ਨੂੰ ਸਿੰਜਿਆ ਹੈ। ਸੁਕਰਾਤ ਯੂਨਾਨ ਵਿਚ ਆਪਣੀ ਨੇਕੀ ਵਾਸਤੇ ਐਨਾ ਮਸ਼ਹੂਰ ਸੀ ਕਿ ਇਸ ਦਾ ਨਾਂ ਸੌਕਰਾਟੀਜ਼ 'ਨਿਆਇ ਦੀ ਪਾਲਣਾ ਕਰਨ ਵਾਲਾ' ਪੈ ਗਿਆ।

## ਸ਼ਕਤੀ ਦਾ ਦੇਵਤਾ

ਸੁਕਰਾਤ ਦਾ ਪਿਤਾ ਸੋਫਰੋਨੈਕਿਸ, ਯੂਨਾਨ ਵਿਚ ਇਕ ਬੁੱਤ-ਘਾੜਾ ਸੀ। ਉਸ ਜ਼ਮਾਨੇ ਵਿਚ ਬੁੱਤ-ਪੂਜਾ ਦਾ ਬਹੁਤ ਜ਼ੋਰ ਹੋਣ ਕਰਕੇ ਇਸ ਪੇਸ਼ੇ ਵਿਚ ਕਾਰੀਗਰਾਂ ਨੂੰ ਬਹੁਤ ਸਾਰੀ ਆਮਦਨ ਹੋ ਜਾਂਦੀ ਸੀ ਕਿਉਂਕਿ ਓਦੋਂ ਪੁਰਾਣਿਕ ਮਤ ਵਾਲਿਆਂ ਵਾਂਗੂ, ਯੂਨਾਨੀਆਂ ਦਾ ਵੀ ਹਰ ਇਕ ਸ਼ਕਤੀ ਦਾ ਦੇਵਤਾ ਵੱਖੋ-ਵੱਖ ਹੁੰਦਾ ਸੀ। ਸੁਕਰਾਤ ਨੇ ਪਹਿਲਾਂ ਆਪਣੇ ਪਿਤਾ ਦਾ ਪੇਸ਼ਾ ਸਿੱਖਿਆ ਤੇ ਇਸ ਕੰਮ ਨੂੰ ਬੜੀ ਯੋਗਤਾ ਨਾਲ ਸਿਰੇ ਚੜ੍ਹਾਇਆ ਪਰ ਕਿਸ ਨੂੰ ਪਤਾ ਸੀ ਕਿ ਅਕਾਲ ਪੁਰਖ ਦੀ ਅਗੰਮ ਸ਼ਕਤੀ ਇਸ ਬੁੱਤ ਘਾੜੇ ਦੇ ਮੁੰਡੇ ਤੋਂ ਨਿਰਾ ਇਹ ਕੰਮ ਹੀ ਨਹੀ ਛੁਡਾ ਦੇਵੇਗੀ ਸਗੋਂ, ਉਹ ਸਾਰੇ ਦੇਸ਼ ਅਤੇ ਸੰਸਾਰ ਵਿਚ ਆਪਣੇ ਪ੍ਰਚਾਰ ਦੇ ਬਲ ਨਾਲ, ਬੁੱਤ ਪੂਜਾ ਤੋਂ ਲੋਕਾਂ ਨੂੰ ਹਟਾਉਂਦਾ ਹੋਇਆ ਬੁੱਤ ਘਾੜਿਆਂ ਦੀ ਕਾਰੀਗਰੀ ਨੂੰ ਵੀ ਬਹੁਤ ਹਾਨੀ ਪਹੁੰਚਾਉਣ ਵਾਲਾ ਸਾਬਤ ਹੋਵੇਗਾ। ਸੁਕਰਾਤ ਨੂੰ ਵਿੱਦਿਅਕ ਗੱਲਾਂ ਦਾ ਬਹੁਤ ਸ਼ੌਕ ਸੀ ਪਰ ਗ਼ਰੀਬ ਕਾਰੀਗਰ ਦਾ ਪੁੱਤਰ ਹੋਣ ਕਰਕੇ ਵਿੱਦਿਆ ਪ੍ਰਾਪਤੀ ਦਾ ਕੋਈ ਸਾਧਨ ਨਾ ਬਣ ਸਕਿਆ।ਅਖੀਰ ਅਚਾਨਕ ਇਕ ਦਿਨ ਅਜਿਹਾ ਦਾਨੀ ਮਿਲ ਗਿਆ, ਜਿਸ ਦੇ ਕੋਲ ਪਦਾਰਥਾਂ ਤੋਂ ਬਿਨਾਂ ਫਲਸਫੇ ਦਾ ਵੀ ਵੱਡਾ ਖ਼ਜ਼ਾਨਾ ਸੀ ਜਿਸ ਦਾ ਨਾਂ ਕਰੇਤੋ ਸੀ। ਕਰੇਤੋ ਨੇ ਸੁਕਰਾਤ ਵਿਚ ਸੁਭਾਵਕ ਹੀ ਬਹੁਤ ਸਾਰੀ ਯੋਗਤਾ ਅਤੇ ਬੁੱਧੀ ਬਲ ਦੇਖ ਕੇ ਉਸ ਨੂੰ ਵਿੱਦਿਆ ਵੱਲ ਪ੍ਰੇਰਿਤ ਕੀਤਾ।

## ਸ਼ੁੱਭ-ਸ਼ਗਨ

ਸੁਕਰਾਤ ਨੇ ਆਪਣੇ ਪਿਉ ਦਾਦੇ ਦਾ ਪੇਸ਼ਾ ਤਿਆਗ ਦਿੱਤਾ ਅਤੇ ਪਾਇਥਾਗੋਰਸ ਕੋਲੋਂ, ਜਿਹੜਾ ਕਿ ਉਸ ਵੇਲੇ ਯੂਨਾਨ ਵਿਚ ਇਕ ਉੱਘਾ ਹਕੀਮ ਸੀ, ਧਾਰਮਿਕ ਅਤੇ ਫ਼ਲਸਫ਼ੇ ਦੀ, ਵਿੱਦਿਆ ਸਿੱਖਣ ਲੱਗਿਆ। ਉਸ ਸਮੇਂ ਦਾਰਸ਼ਨਿਕ ਵਿੱਦਿਆ ਦੀ ਬੜੀ ਕਦਰ ਸੀ ਅਤੇ ਇਸ ਦੇ ਜਾਣੂਆਂ ਨੂੰ ਲੋਕ ਦੇਵਤਿਆਂ ਸਮਾਨ ਪੂਜਦੇ ਸਨ।

ਯੁੱਧ ਸਮੇਂ ਕਿਸੇ ਵਿਦਵਾਨ ਨੂੰ ਫ਼ੌਜਾਂ ਦੇ ਨਾਲ ਰਣਭੂਮੀ ਵਿਚ ਲੈ ਜਾਣਾ ਇਕ ਬੜਾ ਸ਼ੁਭ-ਸ਼ਗਨ ਖ਼ਿਆਲ ਕੀਤਾ ਜਾਂਦਾ ਸੀ। ਕਹਿੰਦੇ ਹਨ ਕਿ ਇਕ ਵਾਰੀ ਯੂਨਾਨ ਦੇ ਬਾਦਸ਼ਾਹ ਨੇ ਸੁਕਰਾਤ ਨੂੰ ਪ੍ਰੇਰਿਆ ਕਿ ਉਹ ਯੁੱਧ ਵਿਚ ਫ਼ੌਜਾਂ ਦੇ ਨਾਲ ਰਣਭੂਮੀ ਵਿਚ ਚੱਲੇ। ਸੁਕਰਾਤ ਨੇ ਬਚਨ ਮੰਨ ਲਿਆ ਅਤੇ ਨਾਲ ਚਲਿਆ ਗਿਆ, ਪ੍ਰੰਤੂ ਉਹ ਉੱਥੇ ਜਾ ਕੇ ਇਕਾਂਤ ਵਿਚ ਬੈਠਾ ਰਹਿੰਦਾ, ਸਿਪਾਹੀਆਂ ਨਾਲ ਬਿਲਕੁਲ ਨਾ ਮਿਲਦਾ ਜੁਲਦਾ। ਜਦ ਸੂਰਜ ਚਮਕਦਾ ਤਾਂ ਉਹ ਧੁੱਪੇ ਬੈਠ ਜਾਂਦਾ, ਨਹੀਂ ਤਾਂ ਅੰਦਰ ਹੀ ਰਹਿੰਦਾ।

ਸਬੱਬ ਨਾਲ ਇਕ ਦਿਨ ਬਾਦਸ਼ਾਹ ਉਸ ਪਾਸੇ ਆ ਨਿਕਲਿਆ, ਜਿੱਥੇ ਸੁਕਰਾਤ ਵੀ ਬੈਠਾ ਸੀ। ਬਾਦਸ਼ਾਹ ਨੇ ਸੁਕਰਾਤ ਕੋਲੋਂ ਪੁੱਛਿਆ, 'ਤੁਸੀਂ ਕਦੀ ਮੇਰੇ ਕੋਲ ਕਿਉਂ ਨਹੀਂ ਆਉਂਦੇ, ਸਦਾ ਇਕਾਂਤ ਵਿਚ ਹੀ ਕਿਉਂ ਬੈਠੇ ਰਹਿੰਦੇ ਹੋ?'

'ਜੀ, ਮੈਨੂੰ ਫ਼ੁਰਸਤ ਨਹੀਂ ਹੁੰਦੀ।' ਸੁਕਰਾਤ ਨੇ ਝੱਟ ਜਵਾਬ ਦਿੱਤਾ।

'ਫ਼ੁਰਸਤ ਕਿਉਂ ਨਹੀਂ ਹੁੰਦੀ? ਤੁਸੀਂ ਕੀ ਕਰਦੇ ਰਹਿੰਦੇ ਹੋ ?' ਰਾਜੇ ਨੇ ਹੈਰਾਨ ਹੋ ਕੇ ਪੁੱਛਿਆ।

'ਮੈਂ ਅਜਿਹਾ ਉਪਰਾਲਾ ਕਰਦਾ ਰਹਿੰਦਾ ਹਾਂ, ਜਿਸ ਨਾਲ ਜੀਵਨ ਬਣਿਆ ਰਹੇ ।'ਸੁਕਰਾਤ ਨੇ ਹਲੀਮੀ ਨਾਲ ਜਵਾਬ ਦਿੱਤਾ।

'ਉਹ ਕਿਹੜੀ ਸ਼ੈਅ ਹੈ, ਜਿਹੜੀ ਮੇਰੇ ਕੋਲ ਤੁਹਾਡੇ ਵਾਸਤੇ ਨਹੀਂ ?' ਰਾਜੇ ਨੇ ਹੈਰਾਨ ਹੋ ਕੇ ਪੁੱਛਿਆ।

'ਜੇ ਇਹ ਗੱਲ ਹੁੰਦੀ ਤਾਂ ਤੁਸੀ ਦਾਤੇ ਹੁੰਦੇ ਤਾਂ ਮੈਂ ਕਦੀ ਵੀ ਤੁਹਾਡਾ ਦਰ ਨਾ ਛੱਡਦਾ।' ਸੁਕਰਾਤ ਨੇ ਤਨਜ਼ ਕਰਦਿਆਂ ਜਵਾਬ ਦਿੱਤਾ।

'ਮੈ ਸੁਣਿਆ ਹੈ, ਤੁਸੀਂ ਕਹਿੰਦੇ ਹੋ ਕਿ ਬੁੱਤ-ਪੂਜਾ ਨੁਕਸਾਨਦੇਹ ਹੈ।' ਰਾਜੇ ਨੇ ਪੜਤਾਲਦਿਆਂ ਪੁੱਛਿਆ।

'ਨਹੀ ਮੇਰੇ ਕਹਿਣ ਦਾ ਮਤਲਬ ਇਹ ਨਹੀਂ।' ਸੁਕਰਾਤ ਨੇ ਕਿਹਾ।

'ਫਿਰ ਤੁਹਾਡਾ ਕੀ ਮਤਲਬ ਹੈ?' ਰਾਜੇ ਨੇ ਜ਼ੋਰ ਦੇ ਕੇ ਪੁੱਛਿਆ।

'ਮੇਰਾ ਮਤਲਬ ਇਹ ਹੈ ਕਿ ਮੇਰੇ ਲਈ ਬੁੱਤ-ਪੂਜਾ ਹਾਨੀਕਾਰਕ ਤੇ ਬਾਦਸ਼ਾਹ ਲਈ ਲਾਭਦਾਇਕ ਹੈ ਕਿਉਂਕਿ ਰਾਜਾ ਇਸ ਮਤ ਦੀ ਰਾਹੀਂ ਟੈਕਸ ਵਸੂਲਦਾ ਹੈ ਪਰ ਇਸ ਦੇ ਉਲਟ ਮੈਨੂੰ ਨਿਸਚਾ ਹੈ ਕਿ ਮੈਨੂੰ ਬੁੱਤ ਪੂਜਾ ਤੋਂ ਕੋਈ ਲਾਭ ਨਹੀਂ ਤੇ ਨਾ ਹੀ ਇਸ ਦੇ ਤਿਆਗ ਨਾਲ ਕਿਸੇ ਹਾਨੀ ਦਾ ਡਰ ਹੈ ਕਿਉਂਕਿ ਮੈਨੂੰ ਇਕ ਅਕਾਲ ਪੁਰਖ 'ਤੇ ਭਰੋਸਾ ਹੈ ਜਿਹੜਾ ਮੇਰੀ ਪਾਲਣਾ-ਪੋਸ਼ਣਾ ਕਰਦਾ ਹੈ ਅਤੇ ਚੰਗੇ ਮੰਦੇ ਕਰਮਾਂ ਦਾ ਫਲ ਦੇਣ ਵਾਲਾ ਹੈ।' ਸੁਕਰਾਤ ਨੇ ਤਫ਼ਸੀਲ ਨਾਲ ਸਮਝਾਇਆ।

ਪਹਿਲਾਂ ਤਾਂ ਉਨ੍ਹਾਂ ਨੇ ਆਪਣੇ ਮਿਥਿਆ ਪ੍ਰਚਾਰ ਦੁਆਰਾ ਹੀ ਸਤਿ ਦੇ ਪ੍ਰਚਾਰ ਨੂੰ ਰੋਕਣ ਦਾ ਯਤਨ ਕੀਤਾ ਪਰ ਜਦ ਇਸ ਵਿਚ ਸਫ਼ਲਤਾ ਨਾ ਮਿਲੀ ਅਤੇ ਪਾਖੰਡ ਦੇ ਬੱਦਲ ਸੱਚ ਦੇ ਸੂਰਜ ਨੂੰ ਲੁਕਾ ਤਾਂ ਉਨ੍ਹਾਂ ਮੌਕੇ ਦੀ ਹਕੂਮਤ ਦਾ ਆਸਰਾ ਲਿਆ। ਉਸ ਵੇਲੇ ਦੇ ਹਾਕਮ ਦੇਸ਼ ਦੇ ਧਨੀ ਤੇ ਬੁੱਤ-ਪੂਜਕ ਧਾਰਮਿਕ ਆਗੂਆਂ ਦੇ ਹੱਥਾਂ ਵਿਚ ਪੁਤਲੀਆਂ ਬਣੇ ਹੋਏ ਸਨ। ਅਖੀਰ ਇਨ੍ਹਾਂ ਸਭਨਾਂ ਨੇ ਇਕ ਗੋਂਦ ਸੁਕਰਾਤ ਦੇ ਵਿਰੁੱਧ ਗੁੰਦੀ। ਵੱਡੇ ਬੁੱਤਖ਼ਾਨਿਆਂ ਦੇ ਪੁਜਾਰੀਆਂ ਨੇ ਸੁਕਰਾਤ ਉੱਤੇ ਇਕ ਮੁਕੱਦਮਾ ਚਲਾਇਆ, ਜਿਸ ਵਿਚ ਤਿੰਨ ਦੋਸ਼ ਸੁਕਰਾਤ ਉੱਤੇ ਥਾਪੇ ਗਏ।

ਪਹਿਲਾਂ ਇਹ ਕਿ ਉਹ ਯੂਨਾਨ ਦੇ ਪੁਰਾਣੇ ਮੱਤ ਅਤੇ ਉਨ੍ਹਾਂ ਦੇ ਪੂਜਨੀਕ ਬੁੱਤਾਂ ਦੀ ਹਾਨੀ ਕਰਦਾ ਹੈ। ਦੂਸਰਾ ਇਹ ਕਿ ਉਹ ਯੂਨਾਨ ਦੇ ਨੌਜਵਾਨ ਲੜਕਿਆਂ ਵਿਚ ਉਨ੍ਹਾਂ ਦੇ ਪਿਤਾ ਪਿਤਾਮਾਂ ਦੇ ਧਰਮ ਦੇ ਵਿਰੁੱਧ ਪ੍ਰਚਾਰ ਕਰ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਾਣੇ ਮੱਤ ਤੋਂ ਗਿਰਾਉਂਦਾ ਹੈ।

ਤੀਜਾ ਇਹ ਕਿ ਉਹ ਯੂਨਾਨ ਦੀ ਰਈਅਤ ਦੇ ਦੋ ਧੜੇ ਕਰ ਕੇ ਵੇਲੇ ਦੀ ਹਕੂਮਤ ਦੇ ਵਿਰੁੱਧ ਬਗ਼ਾਵਤ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਸੁਕਰਾਤ ਨੇ ਆਪਣੀ ਕੋਈ ਸਫ਼ਾਈ ਪੇਸ਼ ਨਾ ਕੀਤੀ ਅਤੇ ਅਖੀਰ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਭਾਵੇਂ ਬਾਦਸ਼ਾਹ ਦੀ ਜਾਤੀ ਰਾਏ ਇਸ ਸਜ਼ਾ ਦੇ ਹੱਕ ਵਿਚ ਨਹੀਂ ਸੀ ਪਰ ਫਿਰ ਵੀ ਪਰਜਾ ਦੀ ਬਹੁ-ਸੰਮਤੀ ਦੇ ਸਾਹਮਣੇ ਉਸ ਦੀ ਕੋਈ ਪੇਸ਼ ਨਾ ਗਈ।

ਸੁਕਰਾਤ ਨੂੰ ਇਹ ਪੁੱਛਿਆ ਗਿਆ ਕਿ ਕੀ ਉਹ ਜ਼ਹਿਰ ਦਾ ਪਿਆਲਾ ਪੀਣ ਨੂੰ ਤਿਆਰ ਹੈ?

ਸੁਕਰਾਤ ਨੇ ਬੜੀ ਪ੍ਰਸੰਨਤਾ-ਪੂਰਵਕ ਉੱਤਰ ਦਿੱਤਾ, 'ਮੈਂ ਮੌਤ ਕਬੂਲਣ ਨੂੰ ਹਰ ਵੇਲੇ ਤਿਆਰ ਹਾਂ।

ਉਸ ਨੂੰ ਸਜ਼ਾ ਤਾਂ ਫ਼ੌਰਨ ਹੀ ਦੇ ਦਿੱਤੀ ਜਾਂਦੀ ਪਰ ਇਤਫ਼ਾਕ ਨਾਲ ਅਜਿਹਾ ਹੋਇਆ ਕਿ ਉਨ੍ਹਾਂ ਦਿਨਾਂ ਵਿਚ ਯੂਨਾਨੀਆਂ ਦੀ ਈਦ ਦਾ ਪੂਰਬ ਸੀ। ਇਹ ਈਦ ਇਕ ਟਾਪੂ ਨੂੰ ਆਜ਼ਾਦ ਕਰਾਉਣ ਦੀ ਖ਼ੁਸ਼ੀ ਦੀ ਯਾਦਗਾਰ ਵਿਚ ਹਰ ਸਾਲ ਯੂਨਾਨੀਆਂ ਵੱਲੋਂ ਮਨਾਈ ਜਾਂਦੀ ਸੀ ਜਿਹੜਾ ਕਿ ਬਹੁਤ ਮੁੱਦਤ ਤਕ ਸਪਾਰਟਾ ਦੇ ਵਸਨੀਕਾਂ ਨੇ ਫਤਹਿ ਕਰ ਕੇ ਆਪਣੇ ਹੇਠ ਰੱਖਿਆ ਹੋਇਆ ਸੀ।

ਇਸ ਟਾਪੂ 'ਤੇ ਯੂਨਾਨੀਆਂ ਦੇ ਸਭ ਤੋਂ ਵੱਡੇ ਅਤੇ ਪਵਿੱਤਰ ਦੇਵਤਾ 'ਅਪੋਲੋ' ਦਾ ਬੁੱਤ ਸੀ, ਜਿਸ ਦੇ ਅੱਗੇ ਹਰ ਸਾਲ ਨਜ਼ਰਾਨਾ ਚੜ੍ਹਾਉਣ ਲਈ ਇਕ ਜਹਾਜ਼ ਯੂਨਾਨ ਤੋਂ ਤਿਆਰ ਹੋ ਕੇ ਜਾਂਦਾ ਅਤੇ ਪੂਜਾ ਆਦਿਕ ਦੀਆਂ ਰਸਮਾਂ ਅਦਾ ਕਰ ਕੇ ਵਾਪਸ ਮੁੜ ਆਉਂਦਾ। ਇਸ ਜਹਾਜ਼ ਦੇ ਆਉਣ ਜਾਣ ਵਿਚ ਕੋਈ ਇਕ ਮਹੀਨਾ ਲੱਗ ਜਾਂਦਾ ਅਤੇ ਇਸ ਮਹੀਨੇ ਵਿਚ ਯੂਨਾਨ ਦੇ ਰਾਜ-ਪ੍ਰਬੰਧ ਅਨੁਸਾਰ ਕਿਸੇ ਵੱਡੇ ਤੋਂ ਵੱਡੇ ਦੋਸ਼ੀ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।

ਜਿਨ੍ਹਾਂ ਦਿਨਾਂ ਵਿਚ ਸੁਕਰਾਤ ਦਾ ਮੁਕੱਦਮਾ ਸ਼ੁਰੂ ਹੋਇਆ, ਉਨ੍ਹਾਂ ਦਿਨਾਂ ਵਿਚ ਹੀ ਈਦ ਦੇ ਦਿਨ ਸ਼ੁਰੂ ਹੋ ਗਏ ਅਤੇ ਸਮੁੰਦਰ ਵਿਚ ਹਨੇਰੀ ਤੂਫ਼ਾਨ ਆਉਣ ਕਰਕੇ ਇਹ ਜਹਾਜ਼ ਬਹੁਤ ਦੇਰ ਤਕ ਤੁਰ ਨਾ ਸਕਿਆ। ਇਸ ਲਈ ਸੁਕਰਾਤ ਨੂੰ ਕਈ ਮਹੀਨੇ ਬੰਦੀਖ਼ਾਨੇ ਵਿਚ ਰਹਿਣਾ ਪਿਆ ਪਰ ਇਸ ਦੇ ਚੇਲਿਆਂ ਅਤੇ ਹੋਰ ਸਬੰਧੀਆਂ ਨੂੰ ਇਸ ਨਾਲ ਮਿਲਣ ਦੀ ਪੂਰੀ ਖੁੱਲ੍ਹ ਸੀ। ਕਹਿੰਦੇ ਹਨ ਕਿ ਜਦ ਜਹਾਜ਼ ਦੇ ਆਉਣ ਵਿਚ ਚਾਰ ਕੁ ਦਿਨ ਰਹਿੰਦੇ ਸਨ ਤਾਂ ਇਸ ਦੇ ਇਕ ਚੇਲੇ ਨੇ, ਜਿਸ ਦਾ ਨਾਂ ਇਕਰਿਉਤਿਊਨ ਸੀ, ਜਾ ਕੇ ਇਸ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਅਤੇ ਕਿਹਾ ਕਿ ਮੈਂ ਜੇਲ੍ਹ ਦੇ ਦਰੋਗੇ ਨਾਲ ਬੰਦੋਬਸਤ ਕਰ ਲਿਆ ਹੈ, ਉਸ ਦੀ ਮੰਗ ਅਨੁਸਾਰ ਅਸੀਂ ਉਸ ਨੂੰ ਧਨ ਦੇ ਦਿਆਂਗੇ ਤੇ ਤੁਸੀਂ ਕਿਸੇ ਪਰਦੇਸ਼ ਨੂੰ ਨੱਸ ਜਾਇਓ।

## ਸਹਿਣਸ਼ਕਤੀ

ਅਖੀਰ ਉਹ ਦਿਨ ਆਇਆ ਜਦੋਂ ਸੁਕਰਾਤ ਦੇ ਸਾਹਮਣੇ ਉਸੇ ਮੁਕੱਦਮੇ ਨੂੰ ਦੁਹਰਾਇਆ ਗਿਆ ਅਤੇ ਜ਼ਹਿਰ ਦਾ ਪਿਆਲਾ ਉਸ ਨੂੰ ਪੇਸ਼ ਕੀਤਾ ਗਿਆ। ਸੁਕਰਾਤ ਨੇ ਉਹ ਪਿਆਲਾ ਗਟਾ ਗਟ ਪੀ ਲਿਆ ਤੇ ਸਰੀਰ ਤਿਆਗ ਦਿੱਤਾ। ਭਾਵੇਂ ਸਤਿ-ਧਰਮ ਦੇ ਵਿਰੋਧੀ ਆਪਣੀਆਂ ਨਜ਼ਰਾਂ ਵਿਚ ਸੁਕਰਾਤ ਨੂੰ ਸਦਾ ਲਈ ਮਿਟਾ ਚੁੱਕੇ ਸਨ ਪਰ ਉਸ ਦੇ ਸੁੱਚੇ ਜੀਵਨ ਤੋਂ ਇਕ ਅਜਿਹੀ ਲਹਿਰ ਪੈਦਾ ਹੋਈ, ਜਿਸ ਨੇ ਸੰਸਾਰ ਦੇ ਅਨੰਤ ਪ੍ਰਾਣੀਆਂ ਨੂੰ ਆਤਮਿਕ ਜੀਵਨ ਵੱਲੋਂ ਮੁਰਦਾ ਦੇ ਕੇ ਦੁਬਾਰਾ ਜੀਵਨ ਪ੍ਰਦਾਨ ਕੀਤਾ। ਜਦ ਤਕ ਸੰਸਾਰ ਕਾਇਮ ਰਹੇਗਾ ਸੁਕਰਾਤ ਆਪਣੀ ਨੇਕੀ ਅਤੇ ਧਰਮ ਦੀ ਵਡਿਆਈ ਦੇ ਆਕਾਸ਼ ਵਿਚ ਚੰਦਰਮਾ ਦੀ ਤਰ੍ਹਾਂ ਚਮਕਦਾ ਰਹੇਗਾ। ਸੁਕਰਾਤ ਦੇ ਸ਼ਾਗਿਰਦਾਂ ਵਿੱਚੋਂ ਅਫ਼ਲਾਤੂਨ ਸਭ ਤੋਂ ਮਸ਼ਹੂਰ ਹੋਇਆ ਹੈ। ਜਿਸ ਨੇ ਆਪਣੇ ਗੁਰੂ ਦੀ ਫ਼ਿਲਾਸਫ਼ੀ ਨੂੰ ਇਕੱਠਿਆਂ ਕਰਕੇ ਛੇ ਹਿੱਸਿਆਂ ਵਿਚ ਲਿਖਿਆ ਹੈ।

ਯੂਰਪ ਵਿਚ ਇਸ ਦੇ ਆਧਾਰ 'ਤੇ ਹਜ਼ਾਰਾਂ ਕਿਤਾਬਾਂ ਲਿਖੀਆਂ ਗਈਆਂ ਹਨ। ਸੁਕਰਾਤ ਦੇ ਜੀਵਨ ਵਿਚ ਸ਼ਾਂਤੀ ਅਤੇ ਸਹਿਣਸ਼ਕਤੀ ਦਾ ਮਾਦਾ ਕਿੰਨਾਂ ਜ਼ਿਆਦਾ ਸੀ, ਜਿਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਦੋਂ ਉਸ ਨੇ ਵਿਆਹ ਕਰਨਾ ਚਾਹਿਆ ਤਾਂ ਆਪਣੀ ਜੀਵਨ ਸਾਥੀ ਬਣਾਉਣ ਲਈ ਕਿਸੇ ਯੁਵਾ ਅਵਸਥਾ ਦੀ ਸੁਸ਼ੀਲ ਅਤੇ ਸੁੰਦਰ ਕੰਨਿਆ ਨੂੰ ਪਸੰਦ ਨਹੀਂ ਕੀਤਾ, ਸਗੋਂ ਸਾਰੇ ਯੂਨਾਨ ਵਿੱਚੋਂ ਬਹੁਤ ਬਦਸ਼ਕਲ ਅਤੇ ਲੜਾਕੀ ਔਰਤ ਨੂੰ ਪਸੰਦ ਕੀਤਾ, ਜਿਹੜੀ ਹਮੇਸ਼ਾਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਮੰਦੇ ਸ਼ਬਦਾਂ ਨਾਲ ਯਾਦ ਕਰਦੀ ਰਹਿੰਦੀ ਸੀ। ਜਦ ਸੁਕਰਾਤ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਇਸਤਰੀ ਮੇਰੇ ਗਿਆਨੀ ਮਨ ਦੀ ਕਸਵੱਟੀ ਹੈ ਅਤੇ ਮੈਂ ਸਦਾ ਪਰਖਦਾ ਰਹਿੰਦਾ ਹਾਂ ਕਿ ਮੇਰਾ ਮਨ ਇਸ ਅਗਿਆਨੀ ਅਤੇ ਮੂਰਖ ਤੀਵੀਂ ਦੇ ਬਚਨਾਂ ਤੋਂ ਕ੍ਰੋਧ ਤਾਂ ਪੈਦਾ ਨਹੀਂ ਕਰਦਾ। ਕੀ ਮੈਂ ਸੁਕਰਾਤ ਆਵਾਗਾਉਣ ਦੇ ਕਾਇਲ ਵੀ ਹਾਂ। ਉਸ ਨੇ ਸਭ ਤੋਂ ਵੱਡੀ ਦਲੀਲ ਇਸ ਸਬੰਧੀ ਇਹ ਦਿੱਤੀ ਕਿ ਅਸੀ ਜਿੰਨਾ ਗਿਆਨ ਪ੍ਰਾਪਤ ਕਰਦੇ ਹਾਂ, ਉਹ ਸਾਰੇ ਦਾ ਸਾਰਾ ਕਿਸੇ ਭੁੱਲੇ ਹੋਏ ਗਿਆਨ ਦੀ ਦੁਬਾਰਾ ਪ੍ਰਾਪਤੀ ਹੈ ਅਤੇ ਉਹ ਗਿਆਨ ਅਸੀਂ ਕਿਸੇ ਪਹਿਲੇ ਜਨਮ ਵਿਚ ਸਿੱਖਿਆ ਹੁੰਦਾ ਹੈ। •

99147-22933



**ਕਈ ਲੋਕਾਂ ਦਾ ਖ਼ਿਆਲ ਹੈ ਕਿ ਭਾਰਤਵਰਸ਼ ਤੋਂ ਬਾਅਦ, ਜੋ ਪੱਛਮੀ ਕੌਮਾਂ ਨੂੰ ਦੁਨਿਆਵੀ ਵਿੱਦਿਆ ਵਿਚ ਪ੍ਰਸਿੱਧ ਉਸਤਾਦ ਮਿਲਿਆ, ਉਹ ਯੂਨਾਨ ਹੀ ਸੀ। ਪੱਛਮੀ ਫਲਸਫ਼ੇ ਦਾ ਮੂਲ ਜੇ ਯੂਨਾਨ ਦੇ ਦਿਮਾਗ਼ ਤੋਂ ਮੰਨ ਲਿਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ...**



## ਕਮਜ਼ੋਰ ਦਿਲ

ਸੁਕਰਾਤ ਨੇ ਉਤਰ ਦਿੱਤਾ,'ਪਹਿਲਾ ਤਾਂ ਮੈਂ ਮੌਤ ਤੋਂ ਭੈਅ ਹੀ ਨਹੀਂ ਖਾਂਦਾ ਅਤੇ ਨਾ ਹੀ ਕੋਈ ਉਪਰਾਲਾ ਉਸ ਤੋਂ ਡਰ ਕੇ ਛਿਪਣ ਦਾ ਕਰ ਸਕਦਾ ਹਾਂ ਕਿਉਂਕਿ ਉਹ ਹਰ ਥਾਂ ਵਿਆਪਕ ਹੈ। ਦੂਜੇ ਮੈਨੂੰ ਜਿਸ ਅਪਰਾਧ ਦੇ ਬਦਲੇ ਮੌਤ ਦੀ ਸਜ਼ਾ ਦਿੱਤੀ ਗਈ ਹੈ ਉਹ ਇਹ ਹੈ ਕਿ ਮੈਂ ਬੁੱਤ-ਪੂਜਾ ਦਾ ਵਿਰੋਧ ਕਰਦਾ ਹਾਂ, ਮੇਰਾ ਇਹ ਪ੍ਰਚਾਰ ਸੱਚ ਦੇ ਆਧਾਰਤ ਹੈ ਅਤੇ ਮੈਂ ਕਦੀ ਵੀ ਇਸ ਨੂੰ ਤਿਆਗ ਨਹੀਂ ਸਕਦਾ। ਇਸ ਲਈ ਮੈਂ ਕਿਸੇ ਹੋਰ ਦੇਸ਼ ਵਿਚ ਜਾ ਕੇ ਪ੍ਰਾਣ ਰੱਖਿਆ ਨਹੀਂ ਕਰ ਸਕਦਾ ਕਿਉਂਕਿ ਪੱਛਮ ਦੇ ਸਾਰੇ ਦੇਸ਼ਾਂ ਵਿਚ ਹੀ ਬੁੱਤ ਪੂਜਾ ਦਾ ਫੋਕਟ ਧਰਮ ਫੈਲਿਆ ਹੋਇਆ ਹੈ ਤੇ ਮੇਰੇ ਪ੍ਰਚਾਰ ਦੇ ਵਿਰੋਧੀ ਹਰ ਥਾਂ ਪੈਦਾ ਹੋ ਜਾਣਗੇ, ਇਸ ਲਈ ਮੈਂ ਯੋਗ ਸਮਝਦਾ ਹਾਂ ਕਿ ਸਤ ਦੇ ਪ੍ਰਚਾਰ ਬਦਲੇ ਜੋ ਸਜ਼ਾ ਮੈਨੂੰ ਦਿੱਤੀ ਗਈ ਹੈ ਉਸ ਨੂੰ ਆਪਣੇ ਹੀ ਦੇਸ਼ ਵਿਚ ਭੋਗਾਂ ਤਾਂ ਕਿ ਮੇਰੇ ਦੇਸ਼ ਦੇ ਲੋਕ, ਮੇਰੇ ਮਗਰੋਂ, ਮੇਰੀ ਸੰਤਾਨ ਨਾਲ, ਸਵਦੇਸ਼ੀ ਹੋਣ ਕਰਕੇ ਭਲਾ ਵਰਤਾਉ ਕਰਨ ਅਤੇ ਮੇਰੇ ਖ਼ਿਆਲਾਂ ਨਾਲ ਸਹਿਮਤੀ ਰੱਖਣ ਵਾਲੇ ਬੰਦੇ ਵੀ ਮੇਰੇ ਮਗਰੋਂ ਉਨ੍ਹਾਂ ਦੇ ਸਹਾਇਕ ਹੋਣ ਪਰ ਜੇ ਮੈਂ ਕਿਸੇ ਹੋਰ ਦੇਸ਼ ਵਿਚ ਚਲਾ ਜਾਵਾਂ ਤਾਂ ਮੇਰੇ ਮਗਰੋਂ ਮੇਰੀ ਸੰਤਾਨ ਵੀ ਬਹੁਤ ਦੁੱਖੀ ਹੋਵੇਗੀ ਕਿਉਂਕਿ ਮੈਂ ਤਾਂ ਇਹ ਪ੍ਰਚਾਰ ਜ਼ਰੂਰ ਕਰਨਾ ਹੈ ਅਤੇ ਸਤ-ਧਰਮ ਦੇ ਵਿਰੋਧੀਆਂ ਨੇ ਮੈਨੂੰ ਹਰ ਹਾਲ ਇਸੇ ਮੌਤ ਮਾਰਨਾ ਹੈ।' ਅਖੀਰ ਉਹ ਦਿਨ ਵੀ ਆ ਗਿਆ ਜਿਸ ਦਿਨ ਜਹਾਜ਼ ਵਾਪਸ ਆਇਆ ਤੇ ਸੁਕਰਾਤ ਨੂੰ ਸਜ਼ਾ ਦੇਣ ਦੀ ਤਿਆਰੀ ਕੀਤੀ ਗਈ। ਉਸ ਸਵੇਰ ਸੁਕਰਾਤ ਦੀ ਇਸਤਰੀ ਅਤੇ ਕੁਝ ਚੇਲੇ ਉਸ ਨੂੰ ਮਿਲਣ ਗਏ। ਜਦ ਜੇਲ੍ਹ ਦੇ ਹਾਕਮਾਂ ਨੇ ਸੁਕਰਾਤ ਦੇ ਪੈਰਾਂ ਤੋਂ ਲੋਹੇ ਦੀਆਂ ਬੇੜੀਆਂ ਖੋਲ੍ਹੀਆਂ ਤਾਂ ਉਸ ਨੇ ਬੜਾ ਪ੍ਰਸੰਨ ਹੋ ਕੇ ਆਪਣੇ ਚੇਲਿਆਂ ਨੂੰ ਕਿਹਾ ਕਿ ਮੈਨੂੰ ਇਹ ਸੁੱਖ, ਜਿਹੜਾ ਕਿ ਬੇੜੀਆਂ ਦੇ ਉਤਾਰਨ ਨਾਲ ਮਹਿਸੂਸ ਹੋਇਆ ਹੈ।

## ਚੇਤਨ ਸਰੂਪ

ਸੁਕਰਾਤ ਨੇ ਵਿੱਦਿਆ ਪ੍ਰਾਪਤੀ ਮਗਰੋਂ ਜਦ ਈਸ਼ਵਰੀ ਵਿਸ਼ਵਾਸ ਨੂੰ ਆਪਣੇ ਹਿਰਦੇ ਵਿਚ ਸਿੰਜਣਾ ਸ਼ੁਰੂ ਕੀਤਾ ਤਾਂ ਇਕ ਵੇਲਾ ਉਹ ਵੀ ਆ ਗਿਆ ਜਦ ਉਸ ਦਾ ਮਨ ਭਗਤੀ ਦੇ ਰਸ ਨਾਲ ਭਰ ਕੇ ਉੱਛਲਿਆ ਅਤੇ ਉਸ ਨੇ ਲੋਕਾਂ ਵਿਚ ਖੁੱਲ੍ਹਮ-ਖੁੱਲ੍ਹਾ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਅਕਾਲ ਪੁਰਖ ਇਕ ਹੈ ਅਤੇ ਉਸ ਤੋਂ ਬਿਨਾਂ ਹੋਰ ਕਿਸੇ ਬੁੱਤਾਂ ਦੀ ਪੂਜਾ ਕਰਨੀ ਮੂਰਖਤਾ ਹੈ।

ਇਹ ਬੁੱਤ ਜਿਨ੍ਹਾਂ ਨੂੰ ਬੁੱਤ-ਘਾੜੇ ਬਣਾਉਂਦੇ ਹਨ, ਨਾ ਇਹ ਬੋਲ ਸਕਦੇ ਹਨ, ਨਾ ਸੁਣ ਸਕਦੇ ਹਨ ਅਤੇ ਨਾ ਹੀ ਇਨ੍ਹਾਂ ਵਿਚ ਚੇਤਨ ਸਤਾ ਹੈ, ਇਨਾਂ ਨੂੰ ਚੇਤਨ ਸਰੂਪ ਪਰਮੇਸ਼ਵਰ ਦੀ ਸਾਦਰਸ਼ਤਾ ਦੇਣੀ ਬੜੇ ਅਗਿਆਨ ਅਤੇ ਮੂਰਖਤਾ ਦਾ ਕੰਮ ਹੈ।

ਜਦ ਸੁਕਰਾਤ ਨੇ ਇਸ ਤਰ੍ਹਾਂ ਸੱਚੇ ਹਿਰਦੇ ਨਾਲ ਨੇਕੀ, ਧਰਮ, ਇਖ਼ਲਾਕ ਅਤੇ ਈਸ਼ਵਰ ਏਕਤਾ ਦਾ ਉਪਦੇਸ਼ ਕਰਨਾ ਸ਼ੁਰੂ ਕੀਤਾ ਤਾਂ ਬਹੁਤ ਲੋਕ ਉਸ ਦੇ ਚੇਲੇ ਬਣ ਗਏ ਤੇ ਜਿਨ੍ਹਾਂ ਦੀ ਗਿਣਤੀ ਇਸ ਦੇ ਅੰਤਿਮ ਕਾਲ ਤਕ ਕਈ ਹਜ਼ਾਰਾਂ ਤੱਕ ਪੁੱਜ ਗਈ ਸੀ। ਇਸ ਦਾ ਆਪਣੇ ਚੇਲਿਆਂ ਨਾਲ ਅਜਿਹਾ ਪ੍ਰੇਮ ਭਰਿਆ ਅਤੇ ਮਿੱਠਾ ਸਲੂਕ ਸੀ ਕਿ ਉਨਾਂ ਵਿੱਚੋਂ ਬਹੁਤ ਸਾਰੇ ਸਦਾ ਲਈ ਆਪਣਾ ਜੀਵਨ ਸੁਕਰਾਤ ਨੂੰ ਅਰਪਣ ਕਰ ਚੁੱਕੇ ਸਨ। ਇਸ ਦੇ ਸ਼ਗਿਰਦਾਂ ਵਿੱਚੋਂ ਇਕ ਦੀ ਕਥਾ ਬੜੀ ਸੁਆਦਲੀ ਹੈ।

ਕਹਿੰਦੇ ਹਨ ਕਿ ਉਹ ਸੁਕਰਾਤ ਦਾ ਗ੍ਰਹਿਸਥੀ ਸ਼ਾਗਿਰਦ ਸੀ। ਉਹ ਜਦ ਕਦੀ ਸੁਕਰਾਤ ਨੂੰ ਰਾਹ ਗਲੀ ਜਾਂਦਾ ਮਿਲ ਪੈਂਦਾ ਤਾਂ ਸੁਕਰਾਤ ਤੋਂ ਪਰੇ ਹਟ ਕੇ ਖਲੋ ਜਾਂਦਾ ਅਤੇ ਉੱਚੀ ਉੱਚੀ ਰੌਲਾ ਪਾਉਂਦਾ, 'ਲੋਕੋ ਦੌੜੋ ! ਆਓ !' ਜਦ ਲੋਕੀਂ ਇਕੱਠੇ ਹੋ ਜਾਂਦੇ ਅਤੇ ਪੁੱਛਦੇ, 'ਤੈਨੂੰ ਕੀ ਤਕਲੀਫ਼ ਹੈ, ਤੂੰ ਐਨਾ ਰੌਲਾ ਕਿਉਂ ਮਚਾ ਰਿਹਾ ਤਾਂ ਉਹ ਉੱਤਰ ਦਿੰਦਾ ਕਿ ਮੈਨੂੰ ਹੋਰ ਤਾਂ ਕੋਈ ਦੁੱਖ ਨਹੀਂ ਪਰ ਇਹ ਬੁੱਢੇ (ਸੁਕਰਾਤ) ਨਾਲ ਮੇਰਾ ਇਸ ਤਰ੍ਹਾਂ ਦਾ ਪ੍ਰੇਮ ਹੈ ਕਿ ਜਦ ਇਹ ਮੈਨੂੰ ਮਿਲ ਜਾਂਦਾ ਹੈ ਤਾਂ ਮੈਂ ਇਸ ਨੂੰ ਛੱਡ ਕੇ ਅੱਗੇ ਨਹੀਂ ਲੰਘ ਸਕਦਾ ਅਤੇ ਮੇਰੇ ਸਾਰੇ ਵਿਹਾਰ ਕਰਨ ਖੁਣੋਂ ਕਈ ਕਈ ਦਿਨ ਪਏ ਰਹਿ ਜਾਂਦੇ ਹਨ, ਜੇ ਤੁਸੀਂ ਕਿਰਪਾ ਕਰੋ ਤਾਂ ਮੈਨੂੰ ਪਕੜ ਕੇ ਮੇਰੀਆਂ ਅੱਖਾਂ ਬੰਦ ਕਰ ਕੇ ਇਸ ਆਦਮੀ ਤੋਂ ਕਿਤੇ ਦੂਰ ਛੱਡ ਆਓ।

# ਕੁਸ਼ਟ ਰੋਗ ਕੁਦਰਤ ਦੀ ਕਰੋਪੀ ਜਾਂ ਪੁਰਾਣੇ ਜਨਮਾਂ ਦਾ ਫਲ ਨਹੀ ਹੈ ਬਲਕਿ ਇਹ ਚਮੜੀ ਦਾ ਰੋਗ ਹੈ : ਸਿਵਲ ਸਰਜਨ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਕੁਸ਼ਟ ਨਿਵਾਰਣ ਪ੍ਰੋਗਰਾਮ ਤਹਿਤ ਸਿਵਲ ਸਰਜਨ ਡਾ. ਰਮਿੰਦਰ ਕੌਰ ਨੇਂ ਪਟਿਆਲਾ ਦੇ ਸ਼੍ਰੀ ਖੁਸ਼ਦੇਵਾ ਕੁਸ਼ਟ ਆਸ਼ਰਮ ਵਿਚ ਰਹਿੰਦੇ ਕੁਸ਼ਟ ਰੋਗੀਆਂ ਨੂੰ ਜਖਮਾਂ ਦੀ ਦੇਖਭਾਲ ਲਈ ਦਵਾਈਆਂ ਅਤੇ ਅਲਸਰ ਕੇਅਰ ਕਿੱਟਾ ਦੀ ਵੰਡ ਕੀਤੀ ਗਈ।ਇਸ ਮੋਕੇ ਉਹਨਾਂ ਨਾਲ ਜਿਲ੍ਹਾ ਨੋਡਲ ਅਫਸਰ ਡਾ. ਗੁਰਪ੍ਰੀਤ ਕੋਰ, ਜਿਲਾ ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ, ਲੈਪਰੋਸੀ ਸੁਪਰਵਾਈਜਰ ਕੁਲਦੀਪ ਕੌਰ ਅਤੇ ਗੁਰਪ੍ਰੀਤ ਕੋਰ ਵੀ ਉਹਨਾਂ ਨਾਲ ਸਨ।



ਸਿਵਲ ਸਰਜਨ ਡਾ. ਰਮਿੰਦਰ ਕੋਰ ਕੁਸ਼ਟ ਰੋਗੀਆਂ ਨੂੰ ਅਲਸਰ ਕਿੱਟਾ ਅਤੇ ਜੁੱਤੀਆਂ ਦੀ ਵੰਡ ਕਰਦੇ ਹੋਏ।

ਸਿਵਲ ਸਰਜਨ ਡਾ.ਰਮਿੰਦਰ ਕੋਰ ਨੇ ਦੱਸਿਆ ਕਿ ਰਾਸ਼ਟਰੀ ਕੁਸ਼ਟ ਨਿਵਾਰਣ ਪ੍ਰੋਗਰਾਮ ਤਹਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤਹਿਤ ਅੱਜ ਕੁਸ਼ਟ ਆਸ਼ਰਮ ਵਿਚ ਰਹਿੰਦੇ 41 ਦੇ ਕਰੀਬ ਕੁਸ਼ਟ ਰੋਗੀ ਜੋ ਕਿ ਆਪਣਾ ਕੁਸ਼ਟ ਰੋਗ ਦਾ ਪੂਰਾ ਇਲਾਜ ਕਰਵਾ ਚੁੱਕੇ ਹਨ ਅਤੇ ਆਸ਼ਰਮ ਵਿਚ ਰਹਿ ਰਹੇ ਹਨ, ਨੂੰ ਜਖਮਾਂ ਦੀ ਦੇਖਭਾਲ ਕਰਨ ਲਈ ਜਿਲ੍ਹਾ ਸਿਹਤ ਵਿਭਾਗ ਵੱਲੋਂ ਸੁਪੋਰਟਿਵ ਦਵਾਈਆ ਜਿਹਨਾਂ ਵਿੱਚ ਪੱਟੀਆਂ, ਕਾੱਟਨ, ਐਂਟੀਬਾਇਓਟਿਕ, ਜੈਨਰਿਕ ਅਤੇ ਤਾਕਤ ਦੀਆਂ ਦਵਾਈਆਂ ਅਤੇ ਪੈਰਾ ਵਿੱਚ ਪਾਉਣ ਲਈ ਜੁੱਤੀਆਂ ਦੀ ਵੰਡ ਕੀਤੀ ਗਈ।ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਵੱਲੋ ਸਮੇਂ-ਸਮੇਂ ਤੇ ਆਸ਼ਰਮ ਵਿਚ ਰਹਿੰਦੇ ਲੋਕਾਂ ਦੀ ਦੇਖ ਰੇਖ ਕਰਨ ਲਈ ਆਸ਼ਰਮ ਦਾ ਦੋਰਾ ਕਰਕੇ ਉਹਨਾਂ ਦਾ ਹਾਲਚਲ ਪੁੱਛਿਆ ਜਾਂਦਾ ਹੈ ਅਤੇ ਮਹਿਕਮੇ ਵੱਲੋਂ ਲੋੜ ਮੁਤਾਬਕ ਕੁਸ਼ਟ ਰੋਗ ਪੀੜਤ ਮਰੀਜਾਂ ਨੂੰ ਅੰਗਹੀਣਤਾ ਸਰਟੀਫਿਕੇਟ ਵੀ ਜਾਰੀ ਕਰਵਾਏ ਜਾਂਦੇ ਹਨ, ਜਿਸ ਦੇ ਆਧਾਰ ਤੇ ਮਰੀਜਾਂ ਨੂੰ ਬੱਸ ਅਤੇ ਰੇਲ ਗੱਡੀ ਵਿਚ ਮੁਫਤ ਸਫਰ ਕਰਨ ਲਈ ਪਾਸ ਵੀ ਬਣਵਾ ਕੇ ਦਿੱਤੇ ਜਾਂਦ ਹਨ।

ਨੋਡਲ ਅਫਸਰ ਡਾ. ਗੁਰਪ੍ਰੀਤ ਕੋਰ ਨੇਂ ਦੱਸਿਆ ਕਿ ਕੁਸ਼ਟ ਰੋਗ ਕੁਦਰਤ ਦੀ ਕਰੋਪੀ ਜਾਂ ਪੁਰਾਣੇ ਜਨਮਾਂ ਦਾ ਫਲ ਨਹੀ ਹੈ ਬਲਕਿ ਇਹ ਚਮੜੀ ਦਾ ਰੋਗ ਹੈ। ਜਿਹੜਾ ਕਿ ਵਿਸ਼ੇਸ਼ ਜੀਵਾਣੂ ਮਾਈਕਰੋਬੈਕਟੀਰੀਅਮ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ।ਇਸ ਬਿਮਾਰੀ ਦਾ ਸਹੀ ਸਮੇਂ ਅਤੇ ਸਹੀ ਇਲਾਜ ਕਰਵਾਉਣ ਨਾਲ ਸਰੀਰਿਕ ਤੌਰ ਤੇ ਹੋਣ ਵਾਲੀ ਅਪੰਗਤਾ ਅਤੇ ਕਰੂਪਤਾਂ ਤੋ ਬਚਿਆ ਜਾ ਸਕਦਾ ਹੈ।ਉਹਨਾਂ ਕਿਹਾ ਕਿ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਦਰਾਂ ਅਤੇ ਸਰਕਾਰੀ ਡਿਸਪੈਸਰੀਆਂ ਵਿੱਚ ਮਲਟੀ ਡਰੱਗ ਥਰੈਪੀ ਰਾਹੀਂ ਬਿਲਕੁੱਲ ਮੁਫਤ ਕੀਤਾ ਜਾਦਾ ਹੈ।

# ਸ਼ਹਿਰ ਸੰਬੰਧੀ ਸਮੱਸਿਆਵਾਂ ਨੂੰ ਲੈ ਕੇ ਨਿਗਮ ਸੰਯੁਕਤ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

## ਆਮ ਲੋਕਾਂ ਦੀਆਂ ਸਮੱਸਿਆਵਾਂ ਜਲਦ ਹੱਲ ਕਰਨ ਦੀ ਮੰਗ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ਹਿਰ ਦੇ ਕੁਝ ਵਾਰਡਾਂ ਦੀਆਂ ਪਾਣੀ, ਸੀਵਰੇਜ, ਸੜਕਾਂ, ਸਟਰੀਟ ਲਾਈਟਾਂ, ਸਫਾਈ ਸਬੰਧੀ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂਆਂ ਨੇ ਨਗਰ ਨਿਗਮ ਪਟਿਆਲਾ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਨੂੰ ਮੰਗ ਪੱਤਰ ਦਿੱਤਾ। ਇਸ ਵਫ਼ਦ ਵਿੱਚ ਸੀਨੀਅਰ ਆਗੂ ਸੰਦੀਪ ਬੰਧੂ, ਰਾਜਿੰਦਰ ਮੋਹਨ, ਜਸਵਿੰਦਰ ਰਿੰਪਾ, ਅਮਿਤ ਵਿਕੀ ਜਿਲ੍ਹਾ ਪ੍ਰਧਾਨ ਸ਼ੋਸ਼ਲ ਮੀਡੀਆ, ਅਮਰਜੀਤ ਸਿੰਘ ਬਲਾਕ ਪ੍ਰਧਾਨ ਸ਼ਾਮਿਲ ਸਨ।




ਪ੍ਰੈਸ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਪਟਿਆਲਾ ਸ਼ਹਿਰੀ ਦੇ ਇਲਾਕਿਆਂ ਵਿੱਚ ਸਫਾਈ, ਸੀਵਰੇਜ ਜਾਮ, ਟੁੱਟੀਆਂ ਰੋਡ ਗੱਲੀਆਂ ਅਤੇ ਸਟਰੀਟ ਲਾਈਟਾਂ ਅਤੇ ਪਾਰਕਾਂ ਦਾ ਕੰਮ ਹੋਣ ਵਾਲਾ ਹੈ। ਪਾਰਟੀ ਦੇ ਸੀਨੀਅਰ ਆਗੂ ਸੰਦੀਪ ਬੰਧੂ ਵਲੋਂ ਦੱਸਿਆ ਗਿਆ ਵਾਰਡ ਨੰ: 49 ਵਿੱਚ ਪੁਰਾਣਾ ਲਾਲ ਬਾਗ ਇਲਾਕੇ ਵਿੱਚ ਸਟਰੀਟ ਲਾਈਟਾਂ ਕਾਫੀ ਖਰਾਬ ਪਈਆਂ ਹਨ। ਜਿਸ ਨਾਲ ਰਾਤ ਨੂੰ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਰਾਣਾ ਲਾਲ ਬਾਗ ਇਲਾਕੇ ਵਿੱਚ ਸੀਵਰੇਜ ਜਾਮ ਦੀ ਸਮੱਸਿਆ ਰਹਿੰਦੀ ਹੈ। ਦੋ ਜਗ੍ਹਾ ਉਪਰ ਨਵੇਂ ਸੀਵਰੇਜ ਮੇਨ ਹੋਲ ਬਣਾਉਣ ਦੀ ਲੋੜ ਹੈ। ਵਾਰਡ ਵਿੱਚ ਪੁਰਾਣਾ ਬੀ-ਟੈਂਕ ਪਾਰਕ ਨੂੰ ਨਵਾਂ ਬਣਾਉਣ ਲਈ ਕਾਫੀ ਸਮੇਂ ਤੋਂ ਐਸਟੀਮੇਟ ਪਾਸ ਕੀਤਾ ਹੋਇਆ, ਪਾਰਕ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਵਾਇਆ ਜਾਏ। ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਮੋਹਨ ਨੇ 22 ਨੰਬਰ ਫਾਟਕ ਪੁੱਲ ਦੇ ਨੀਚੇ ਸਟਰੀਟ ਲਾਈਟਾਂ ਠੀਕ ਕਰਵਾਉਣ ਅਤੇ ਸੜਕ ਰਿਪੇਅਰ ਦਾ ਕੰਮ ਕਰਵਾਉਣ ਲਈ ਕਮਿਸ਼ਨਰ ਨੂੰ ਬੇਨਤੀ ਕੀਤੀ। 22 ਨੰਬਰ ਫਾਟਕ ਤੋਂ 21 ਨੰਬਰ ਫਾਟਕ ਨੂੰ ਜਾਂਦੀ ਰੋਡ ਵਿੱਚ ਸੀਵਰੇਜ ਜਾਮ ਦੀ ਮੁਸ਼ਕਿਲ ਬਣੀ ਰਹਿੰਦੀ ਹੈ। ਸੀਵਰੇਜ ਲਾਈਨ ਨੂੰ ਸੁਪਰ ਸਕਿੰਗ ਮਸ਼ੀਨ ਨਾਲ ਸਾਫ ਕਰਵਾਇਆ ਜਾਏ। ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਰਿੰਪਾ ਵਲੋਂ ਨਾਲੀਆਂ ਅਤੇ ਸੀਵਰੇਜ ਵਿੱਚ ਸੁੱਟੇ ਜਾਂਦੇ ਗੋਹੇ ਕਰਕੇ ਸੀਵਰੇਜ ਜਾਮ ਦੀ ਸਮੱਸਿਆ ਦਾ ਹੱਲ ਕੱਢਣ ਲਈ ਕਿਹਾ ਗਿਆ।

ਜਸਵਿੰਦਰ ਰਿੰਪਾ ਵਲੋਂ ਸ਼ਹਿਰ ਵਿੱਚ ਕਈ ਜਗ੍ਹਾ ਹੋ ਰਹੇ ਨਜਾਇਜ਼ ਕਬਜ਼ਿਆਂ ਬਾਰੇ ਵੀ ਸੰਯੁਕਤ ਕਮਿਸ਼ਨਰ ਨੂੰ ਦੱਸਿਆ ਗਿਆ। ਇਸ ਮੌਕੇ ਸ਼ੋਸ਼ਲ ਮੀਡੀਆ ਇੰਚਾਰਜ ਅਮਿਤ ਵਿਕੀ ਵਲੋਂ ਸੰਯੁਕਤ ਕਮਿਸ਼ਨਰ ਨੂੰ ਦੱਸਿਆ ਗਿਆ ਕਿ ਰਾਜਿੰਦਰ ਹਸਪਤਾਲ ਤੋਂ ਲੈ ਕੇ 23 ਨੰਬਰ ਫਾਟਕ ਤਕ ਜਾਂਦੀ ਬੰਡੂਗਰ ਰੋਡ ਦਾ ਕਾਫੀ ਬੁਰਾ ਹਾਲ ਹੈ, ਸੜਕ ਉਪਰ ਸਟਰੀਟ ਲਾਈਟਾਂ ਕਾਫੀ ਖਰਾਬ ਹਨ, ਸੜਕ ਕਾਫੀ ਜਗ੍ਹਾ ਤੋਂ ਟੁੱਟੀ ਹੋਈ ਹੈ, ਸੜਕ ਉਪਰ ਕਾਫੀ ਟੋਏ ਪਏ ਹੋਏ ਹਨ। ਰਾਤ ਨੂੰ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬਲਾਕ ਪ੍ਰਧਾਨ ਅਮਰਜੀਤ ਸਿੰਘ ਵਲੋਂ ਸ਼ੇਰੇ-ਏ-ਪੰਜਾਬ ਮਾਰਕੀਟ ਰੋਡ ਉਪਰ ਸਟਰੀਟ ਲਾਈਟਾਂ ਸੰਬੰਧੀ ਸਮੱਸਿਆ ਅਤੇ ਸ਼ੇਰਾਂ ਵਾਲੇ ਗੇਟ ਵਿਖੇ ਸੀਵਰੇਜ ਜਾਮ ਦੀ ਸਮੱਸਿਆ ਵੱਲ ਸੰਯੁਕਤ ਕਮਿਸ਼ਨਰ ਦਾ ਧਿਆਨ ਦਵਾਇਆ।

ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਨੇ ਪਾਰਟੀ ਦੇ ਟਕਸਾਲੀ ਆਗੂਆਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਉਹਨਾਂ ਵਲੋਂ ਆਮ ਲੋਕਾਂ ਦੇ ਜੋ ਵੀ ਮਸਲੇ ਉਹਨਾਂ ਦੇ ਧਿਆਨ ਵਿੱਚ ਲਿਆਂਦੇ ਗਏ ਹਨ, ਉਹਨਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਕੇ ਆਮ ਲੋਕਾਂ ਨੂੰ ਰਾਹਤ ਪਹੁੰਚਾਈ ਜਾਵੇਗੀ।

# ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਤੋਂ ਜਾਣੂ ਕਰਵਾਇਆ




ਸੁਨਾਮ ਊਧਮ ਸਿੰਘ ਵਾਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿੱਚ ਅੱਜ ਅਗਾਮੀ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਐੱਨ.ਐੱਸ. ਐਸ ਵਿਭਾਗ ਦੁਆਰਾ ਕਾਲਜ ਵਿਦਿਆਰਥੀਆਂ ਮੌਕ ਪੋਲ ਗਤੀਵਿਧੀ ਤਹਿਤ ਇੱਕ ਆਰਜੀ ਚੋਣ ਬੂਥ ਕੇਂਦਰ ਦਾ ਨਿਰਮਾਣ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਚੋਣ ਬੂਥ ਕੇਂਦਰ ਮੌਕ ਅਧਿਕਾਰੀ ਬਣਾਉਣ ਉਪਰੰਤ ਮੌਕ ਪੋਲ ਵਿਧੀ ਰਾਹੀਂ ਵਿਦਿਆਰਥੀਆਂ ਨੂੰ ਵੋਟ ਪਾਉਣ ਦੀ ਸਿਖਲਾਈ ਦਿੱਤੀ ਗਈ।

ਕਾਲਜ ਸਵੀਪ ਗਤੀਵਿਧੀਆਂ ਦੇ ਇੰਚਾਰਜ ਪ੍ਰੋਫ਼ੈਸਰ ਦਰਸ਼ਨ ਕੁਮਾਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਇੱਕ ਜ਼ਰੂਰੀ ਕਰਤੱਵ ਸਮਝਦੇ ਹੋਏ ਕਰਨੀ ਚਾਹੀਦੀ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਅਚਲਾ, ਐਨਐਸਐਸ ਪ੍ਰੋਗਰਾਮ ਅਫ਼ਸਰ ਪ੍ਰੋਫ਼ੈਸਰ ਚਮਕੌਰ ਸਿੰਘ, ਡਾ. ਮਨੀਤਾ ਜੋਸ਼ੀ, ਪ੍ਰੋ. ਦਲਜੀਤ ਸਿੰਘ, ਪ੍ਰੋ. ਪਰਮਿੰਦਰ ਕੌਰ, ਪ੍ਰੋ. ਪ੍ਰਭਜੀਤ ਕੌਰ ਹਾਜ਼ਰ ਸਨ।

# ਡਾ. ਬਲਜੀਤ ਕੌਰ ਨੇ ਗੁਰੂ ਰਵਿਦਾਸ ਮੰਦਰ ’ਚ ਮੱਥਾ ਟੇਕਿਆ

ਮਲੋਟ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ’ਤੇ ਕੱਢੀ ਗਈ ਸ਼ੋਭਾ ਯਾਤਰਾ ’ਚ ਜਿਥੇ ਵੱਡੀ ਗਿਣਤੀ ਸ਼ਰਧਾਲੂਆਂ ਤੇ ਹੋਰ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ, ਉਥੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵੀ ਇਸ ਯਾਤਰਾ ’ਚ ਸ਼ਮੂਲੀਅਤ ਕੀਤੀ ਅਤੇ ਰਵਿਦਾਸ ਮੰਦਰ ਵਿੱਚ ਮੱਥਾ ਟੇਕਿਆ। ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਸਾਰਾ ਜੀਵਨ ਹੀ ਪ੍ਰੇਰਨਾ ਸਰੋਤ ਹੈ। ਉਨ੍ਹਾਂ ਲੁਕਾਈ ਨੂੰ ਹੱਥੀਂ ਕਿਰਤ ਕਰਨ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸ਼ੋਭਾ ਯਾਤਰਾ ਵਿਚ ਹਾਜ਼ਰੀ ਲਵਾ ਕੇ ਬਹੁਤ ਖ਼ੁਸ਼ੀ ਮਹਿਸੂਸ ਹੋਈ। ਦੱਸਣਯੋਗ ਹੈ ਕਿ



ਮਲੋਟ ਸ਼ਹਿਰ ਵਿਚ ਬਹੁਤ ਵੱਡੀ ਗਿਣਤੀ ’ਚ ਸ਼ਰਧਾਲੂ ਰਹਿੰਦੇ ਹਨ ਅਤੇ ਇਸ ਦਿਹਾੜੇ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ, ਜਿਸ ਵਿਚ ਸਾਰੇ ਭਾਈਚਾਰੇ ਹੀ ਸਤਿਕਾਰ ਸਹਿਤ ਸ਼ਿਰਕਤ ਕਰਦੇ ਹਨ ਅਤੇ ਰਵਿਦਾਸ ਮੰਦਰ ਵਿਚ ਨਤ-ਮਸਤਕ ਹੁੰਦੇ ਹਨ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਰਕੇਸ਼ ਕੁਮਾਰ ਬੰਟੀ, ਓਮ ਪ੍ਰਕਾਸ਼, ਇੰਦਰਾਜ, ਸਤਪਾਲ, ਰਮੇਸ਼ ਅਰਨੀਵਾਲਾ, ਜੌਨੀ ਗਰਗ ਅਤੇ ਗਗਨਦੀਪ ਸਿੰਘ ਔਲਖ ਆਦਿ ਹਾਜ਼ਰ ਸਨ।

## ਮੋਹਾਲੀ ਦੇ ਤਿੰਨ ਸਰਕਾਰੀ ਸਕੂਲਾਂ ਨੂੰ ਮਿਲਿਆ ਸਰਵੋਤਮ ਇਨਾਮ, ਮਿਲਣਗੇ ਲੱਖਾਂ ਰੁਪਏ

ਮੁਹਾਲੀ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਵਿਭਾਗ ਵੱਲੋਂ ਜੋ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿਚੋਂ ਸਰਵੋਤਮ ਸਕੂਲਾਂ ਦੀ ਚੋਣ ਕੀਤੀ ਗਈ ਹੈ, ਉਨ੍ਹਾਂ ਵਿਚ ਮੋਹਾਲੀ ਜ਼ਿਲ੍ਹੇ ਦੇ ਤਿੰਨ ਸਕੂਲ ਵੀ ਸ਼ਾਮਲ ਹਨ। ਇਨ੍ਹਾਂ ਸਕੂਲਾਂ ਵਿਚ ਸਰਕਾਰੀ ਮਿਡਲ ਸਕੂਲ ਝੰਡੇ ਮਾਜਰਾ,




ਸ਼ਹੀਦ ਸੂਬੇਦਾਰ ਬਲਵੀਰ ਸਿੰਘ ਸਰਕਾਰੀ ਹਾਈ ਸਕੂਲ ਦੱਪਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨੌਲੀ ਦੇ ਨਾਂ ਸ਼ਾਮਲ ਹਨ। ਇਨ੍ਹਾਂ ਸਕੂਲਾਂ ਨੂੰ ਸਿੱਖਿਆ ਵਿਭਾਗ ਵੱਲੋਂ 22.5 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਰਕਾਰੀ ਸਕੂਲ ਝੰਡੇ ਮਾਜਰਾ ਨੂੰ 5 ਲੱਖ, ਸਰਕਾਰੀ ਸਕੂਲ ਦੱਪਰ ਨੂੰ 7.5 ਲੱਖ ਅਤੇ ਸਰਕਾਰੀ ਸਕੂਲ ਮਨੌਲੀ ਨੂੰ 10 ਲੱਖ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਭਰ ਦੇ ਜੋ ਸਰਵੋਤਮ ਸਕੂਲ ਚੁਣੇ ਗਏ ਹਨ, ਉਨ੍ਹਾਂ ਨੂੰ 6 ਕਰੋੜ 75 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਸਿੱਖਿਆ ਵਿਭਾਗ ਵੱਲੋਂ ਸਬੰਧਿਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਇਹ ਰਾਸ਼ੀ ਭੇਜ ਦਿੱਤੀ ਗਈ ਹੈ। ਜੋ ਕਿ ਅੱਗੋਂ ਆਪੋ ਆਪਣੇ ਜ਼ਿਲ੍ਹੇ ਦੇ ਚੁਣੇ ਗਏ ਸਕੂਲਾਂ ਨੂੰ ਇਹ ਰਾਸ਼ੀ ਵੰਡਣਗੇ। ਇਹ ਇਨਾਮ ਬਿਹਤਰੀਨ ਨਤੀਜੇ ਸਾਫ ਸਫਾਈ ਅਤੇ ਪ੍ਰਬੰਧਨ ਨੂੰ ਲੈ ਕੇ ਦਿੱਤੇ ਗਏ ਹਨ। ਮੋਹਾਲੀ ਦੇ ਸਕੂਲਾਂ ਵਿਚ ਨਤੀਜਾ ਚੰਗਾ ਰਿਹਾ, ਸਕੂਲਾਂ ਦਾ ਇੰਫਰਾਸਟ੍ਰਕਚਰ ਸਹੀ ਪਾਇਆ ਗਿਆ, ਸਾਫ ਸਫਾਈ ਠੀਕ ਮਿਲੀ, ਗੁਸਲਖਾਨੇ ਸਾਫ ਪਾਏ ਗਏ, ਬੱਚਿਆਂ ਦੇ ਲਈ ਸਕੂਲ ਵਿਚ ਖੇਡਾਂ ਨੂੰ ਹੁਲਾਰਾ ਦਿੱਤਾ ਜਾ ਰਿਹਾ ਸੀ, ਬੱਚਿਆਂ ਨੂੰ ਪੜ੍ਹਾਈ ਚੰਗੀ ਕਰਵਾਈ ਗਈ ਅਤੇ ਬੱਚਿਆਂ ਦੀ ਹਾਜ਼ਰੀ ਸਕੂਲ ਵਿਚ ਚੰਗੀ ਪਾਈ ਗਈ, ਜਿਸ ਕਰਕੇ ਇਨ੍ਹਾਂ ਸਕੂਲਾਂ ਦੀ ਇਨਾਮ ਲਈ ਚੋਣ ਕੀਤੀ ਗਈ।

## ਦੋ ਮੁਲਜ਼ਮ ਚੋਰੀ ਦੇ ਸਾਮਾਨ ਸਣੇ ਕਾਬੂ

ਸਮਾਣਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਦਰ ਪੁਲੀਸ ਨੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤਾ ਸਾਮਾਨ ਬਰਾਮਦ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਦਰ ਪੁਲੀਸ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਕਮਾਸਪੁਰ ਦੇ ਅਮੀਰ ਸਿੰਘ ਨੇ ਜਨਵਰੀ ਮਹੀਨੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਅਣਪਛਾਤੇ ਵਿਅਕਤੀ ਉਸ ਦੇ ਘਰ ਅੱਗੇ ਖੜ੍ਹੀ ਟਰਾਲੀ ਚੋਰੀ ਕਰਕੇ ਲੈ ਗਏ ਹਨ। ਇਸ ਮਗਰੋਂ ਪੁਲੀਸ ਵੱਲੋਂ ਕੀਤੀ ਗਈ ਜਾਂਚ ਦੌਰਾਨ ਦਲਵੀਰ ਰਾਮ ਵਾਸੀ ਪਿੰਡ ਖੜਕਾਂ ਜ਼ਿਲ੍ਹਾ ਕੈਥਲ (ਹਰਿਆਣਾ), ਭੋਲਾ ਸਿੰਘ ਵਾਸੀ ਪਿੰਡ ਮੌਜੀਆ, ਜ਼ਿਲ੍ਹਾ ਮਾਨਸਾ ਨੂੰ ਇੱਕ ਟਰਾਲੀ, ਇੱਕ ਛੋਟਾ ਹਾਥੀ ਤੇ ਇੱਕ ਟਰੈਕਟਰ ਸਣੇ ਪਿੰਡ ਰਤਨਹੇੜੀ ਘੱਗਰ ਪੁੱਲ ’ਤੋਂ ਨਾਕਾਬੰਦੀ ਦੌਰਾਨ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਥਾਣਾ ਪਾਤੜਾਂ ਵਿੱਚ ਚੋਰੀ ਦਾ ਕੇਸ ਦਰਜ ਹੈ।

## ਆਵਾਰਾ ਕੁੱਤਿਆਂ ਨੇ ਬਜ਼ੁਰਗ ਨੂੰ ਨੋਚਿਆ

ਨਾਭਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਸੰਜਾ ਵਿੱਚ ਆਵਾਰਾ ਕੁੱਤਿਆਂ ਨੇ ਇੱਕ 80 ਸਾਲਾ ਬਜ਼ੁਰਗ ਨੂੰ ਕਥਿਤ ਨੋਚ ਨੋਚ ਕੇ ਮਾਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਰਾ ਬੀਤੇ ਦਿਨ ਜਦੋਂ ਕਿਸਾਨ ਜੀਤ ਸਿੰਘ ਆਪਣੇ ਖੇਤ ਤੋਂ ਘਰ ਨਾ ਮੁੜਿਆ ਤਾਂ ਪਰਿਵਾਰ ਨੇ ਜੀਤ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪਿੰਡ ਵੱਲ ਆਉਂਦੇ ਰਾਹ ’ਤੇ ਲਹੂ ਲੁਹਾਨ ਹਾਲਤ ਵਿੱਚ ਜੀਤ ਸਿੰਘ ਦੀ ਲਾਸ਼ ਪਈ ਮਿਲੀ ਤੇ ਉਸ ਦੇ ਸਰੀਰ ਨੂੰ ਕੁੱਤਿਆਂ ਨੇ ਕਈ ਥਾਂ ਤੋਂ ਖਾਧਾ ਹੋਇਆ ਸੀ। ਸਰਪੰਚ ਬਹਾਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਪਹਿਲਾਂ ਵੀ ਕਈ ਵਾਰ ਆਵਾਰਾ ਕੁੱਤਿਆਂ ਦੇ ਹਮਲੇ ਕਰਕੇ ਕਈ ਜਣੇ ਜ਼ਖ਼ਮੀ ਹੋ ਚੁੱਕੇ ਹਨ ਤੇ ਲੋਕਾਂ ਨੂੰ ਆਪਣੇ ਬੱਚਿਆਂ ਦੀ ਜਾਨ ਦਾ ਡਰ ਸਤਾਉਣ ਲੱਗ ਪਿਆ ਹੈ। ਨੰਬਰਦਾਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਨਾਲ ਦੇ ਪਿੰਡ ਕੱਲਾਹ ਮਾਜਰਾ ਦੇ ਬਲਵਿੰਦਰ ਸਿੰਘ ਨੂੰ ਵੀ ਬੀਤੇ ਕੱਲ੍ਹ ਕੁੱਤਿਆਂ ਨੇ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ, ਜਿਸ ਮਗਰੋਂ ਉਹ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਜ਼ੇਰੇ ਇਲਾਜ ਹੈ। ਨਾਭਾ ਸਦਰ ਪੁਲੀਸ ਦੇ



ਐੱਸਐੱਚਓ ਸੁਖਦੇਵ ਸਿੰਘ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਸਿਵਲ ਪ੍ਰਸ਼ਾਸਨ ਨੂੰ ਵੀ ਇਤਲਾਹ ਦਿੱਤੀ ਗਈ, ਜਿਸ ਮਗਰੋਂ ਨਾਭਾ ਦੇ ਐੱਸਡੀਐੱਮ ਤਰਸੇਮ ਚੰਦ ਨੇ ਪੇਂਡੂ ਵਿਕਾਸ ਵਿਭਾਗ ਨੂੰ ਆਵਾਰਾ ਕੁੱਤਿਆਂ ਦਾ ਕਾਨੂੰਨ ਅਨੁਸਾਰ ਹੱਲ ਕਰਨ ਲਈ ਲਿਖਿਆ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਵਾਰਾ ਜਾਂ ਘਰੇਲੂ ਹਰ ਕਿਸਮ ਦੇ ਕੁੱਤਿਆਂ ਵੱਲੋਂ ਕੀਤੇ ਹਮਲਿਆਂ ਵਿੱਚ ਮੁਆਵਜ਼ੇ ਦੇਣ ਦੇ ਹੁਕਮ ਕੀਤੇ ਸਨ, ਜਿਸ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਇਸ ਸੰਬੰਧੀ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਹੈ।

## ਪੈਨਸ਼ਨ ਹੋਮ ਦਾ ਕਬਜ਼ਾ ਛੁਡਵਾਉਣ ਲਈ ਪੈਨਸ਼ਨਰ ਵਿਧਾਇਕ ਨੂੰ ਮਿਲੇ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੈਨਸ਼ਨ ਵੈੱਲਫੇਅਰ ਐਸੋਸੀਏਸ਼ਨ ਪਟਿਆਲਾ ਦੇ ਵਫ਼ਦ ਨੇ ਅੱਜ ਇਥੇ ਵਿਧਾਇਕ ਅਜੀਤਪਾਲ ਕੋਹਲੀ ਨਾਲ ਮੁਲਾਕਾਤ ਕਰਕੇ ਪੈਨਸ਼ਨ ਹੋਮ ’ਤੇ ਕੀਤਾ ਗਿਆ ਕਬਜ਼ਾ ਛੁਡਵਾਉਣ ਦੀ ਮੰਗ ਕੀਤੀ। ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਇਥੇ ਸਟੇਟ ਕਾਲਜ ਸਾਹਮਣੇ ਖਾਲੀ ਪਈ ਪੀਡਬਲਿਊਡੀ ਦੀ ਜਗ੍ਹਾ ਤਤਕਾਲੀਨ ਡਿਪਟੀ ਕਮਿਸ਼ਨਰ ਤੇਜਵੀਰ ਸਿੰਘ ਨੇ ਪੈਨਸ਼ਨ ਹੋਮ ਲਈ ਅਲਾਟ ਕੀਤੀ ਸੀ ਤੇ 30 ਲੱਖ ਰੁਪਏ ਦਾ ਫੰਡ ਦੇ ਕੇ ਇਮਾਰਤ ਵੀ ਉਸਾਰੀ ਗਈ ਸੀ, ਪਰ 2013 ’ਚ ਸਟੇਟ ਕਾਲਜ ਮੈਨਜਮੈਂਟ ਨੇ ਇਸ ਥਾਂ ’ਤੇ ਕਬਜ਼ਾ ਕਰ ਲਿਆ।

# ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਗਰੁੱਪ ਕੈਪਟਨ ਗੁਰਪ੍ਰੀਤ ਸਿੰਘ ਚੀਮਾ ਨੂੰ ਕੀਤਾ




ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੱਜ ਸਵੇਰੇ ਦੀ ਸਭਾ ਵਿੱਚ ਗਰੁੱਪ ਕੈਪਟਨ ਜੀ.ਐਸ.ਚੀਮਾ ਦੀ ਚੌਥੀ ਬਰਸੀ ’ਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਏ.ਐਨ.ਓ. ਸਤਵੀਰ ਸਿੰਘ ਗਿੱਲ ਵਲੋਂ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਮਿਹਨਤ ਤੋਂ ਸਬਕ ਲੈਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਪਿੰਡ ਵਿੱਚੋਂ ਉਠ ਕੇ ਮਿਹਨਤ ਕਰਕੇ ਗਰੁੱਪ ਕੈਪਟਨ ਦੀ ਵੱਡੀ ਉਪਾਧੀ ਹਾਸਿਲ ਕੀਤੀ। ਇਸ ਮੌਕੇ ਸਕੂਲ ਇੰਚਾਰਜ ਡਾ: ਬਾਲ ਕ੍ਰਿਸ਼ਨ ਅਤੇ ਹੋਰ ਸਟਾਫ਼ ਵੀ ਹਾਜ਼ਰ ਸੀ।

# ਟੀਮ ਹਿਊਮਨ ਸਰਵਿਸ ਸੋਸਾਇਟੀ ਵਲੋਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦਾ ਸਨਮਾਨ

## ਡਿਪਟੀ ਕਮਿਸ਼ਨਰ ਨੇ ਸੰਸਥਾ ਵੱਲੋਂ ਕੀਤੇ ਕੰਮਾਂ ਦੀ ਕੀਤੀ ਸ਼ਲਾਘਾ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਟੀਮ ਹਿਊਮਨ ਸਰਵਿਸ ਸੋਸਾਇਟੀ ਵਲੋਂ ਧੜੱਲੇਦਾਰ ਅਤੇ ਇਮਾਨਦਾਰ ਡਿਪਟੀ ਕਮਿਸ਼ਨਰ ਸ਼ੋਕਤ ਅਹਿਮਦ ਪਰੇ ਨੂੰ ਉਹਨਾਂ ਦੀ ਨਿਯੁਕਤੀ ਪਟਿਆਲਾ ਵਿਖੇ ਹੋਣ ’ਤੇ ਸੋਸਾਇਟੀ ਵਲੋਂ ਸਨਮਾਨ ਚਿੰਨ੍ਹ ਤੇ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ’ਤੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ ਨੇ ਸੰਸਥਾ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਵਲੋਂ ਨਸ਼ੇ ਦੇ ਖਿਲਾਫ, ਫਰੀ ਮੈਡੀਕਲ ਕੈਂਪ, ਬਲੱਡ ਕੈਂਪ, ਬੇਟੀ ਬਚਾਓ ਬੇਟੀ ਪੜ੍ਹਾਓ, ਰੁੱਖ ਲਗਾਉਣਾ, ਜਰੂਰਤਮੰਦਾਂ ਦੀ ਮਦਦ ਪੂਰੇ ਪੰਜਾਬ ਵਿੱਚ ਕੀਤੀ ਜਾ ਰਹੀ ਹੈ।



ਡਿਪਟੀ ਕਮਿਸ਼ਨਰ ਨੇ ਸੰਸਥਾ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹਨਾਂ ਵਲੋਂ ਸਮਾਜ ਸੇਵੀ ਕਾਰਜ ਕਰਨ ਵਾਸਤੇ ਪ੍ਰੇਰਿਤ ਕੀਤਾ ਤੇ ਉਹਨਾਂ ਵੱਲੋਂ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਦਿੱਤੀ ਜਾਵੇਗੀ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ, ਰਿਟਾਇਰਡ (ਐਸ.ਐਸ.ਪੀ.), ਰਾਜੇਸ਼ਵਰ ਕੁਮਾਰ, ਪਵਨ ਕੁਮਾਰ, ਰਾਜੇਸ਼ ਪਾਠਕ, ਹਰੀ ਓਮ, ਰਾਜੂ ਪੰਚ, ਜਸਵੀਰ ਪਾਲ, ਅਨਿਤਾ ਮਲਣ ਆਦਿ ਟੀਮ ਮੈਂਬਰ ਮੌਜੂਦ ਰਹੇ।

# ਖ਼ੂਨਦਾਨ ਦੁਨੀਆ ਦਾ ਸਭ ਤੋਂ ਵੱਡਾ ਪੁੰਨ : ਬਲਤੇਜ ਪੰਨੂ

## ➢ ਮਨੁੱਖਤਾ ਦੀ ਸੇਵਾ ਸਾਂਝਾ ਕਾਰਜ: ਜਸਵਿੰਦਰ ਸਿੰਘ ਚਹਿਲ, ਰਾਜੇਸ਼ ਕੁਮਾਰ ਖੋਸਲਾ, ਜਸਵੀਰ ਸਿੰਘ ➢ ਮੁਲਾਜ਼ਮਾਂ ਦੀ ਭਲਾਈ ਜਥੇਬੰਦੀ ਦਾ ਮੁੱਖ ਨਿਸ਼ਾਨਾ : ਕੰਬੋਜ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਮੁੱਖ ਦਫਤਰ, ਨਾਭਾ ਰੋਡ ਵਿਖੇ ਸਮੂਹ ਮੁਲਾਜ਼ਮਾਂ ਵੱਲੋਂ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਦੇ ਸਹਿਯੋਗ ਨਾਲ ਪਹਿਲਾ ਖ਼ੂਨ ਦਾਨ ਕੈਂਪ ਲਗਾਇਆ ਗਿਆ। ਇਸ ਦੌਰਾਨ ਡਾ: ਅੰਸ਼ੂ ਗਰਗ ਦੀ ਅਗਵਾਈ ਹੇਠ ਵਰਧਮਾਨ ਹਸਪਤਾਲ ਬਲੱਡ ਸੈਂਟਰ ਦੀ ਟੀਮ ਨੇ 57 ਯੂਨਿਟ ਖ਼ੂਨ ਇਕੱਤਰ ਕੀਤਾ।

ਖ਼ੂਨ ਦਾਨ ਕੈਂਪ ਦਾ ਰਸਮੀ ਉਦਘਾਟਨ ਯੂਨੀਅਨ ਪ੍ਰਧਾਨ ਸਤਨਾਮ ਸਿੰਘ ਕੰਬੋਜ ਨੇ ਰੀਬਨ ਕੱਟ ਕੇ ਅਤੇ ਰਵੀ ਕੁਮਾਰ ਅਜ਼ੋਰੀਆ ਅਤੇ ਸੰਜੀਵ ਕੁਮਾਰ ਬਾਂਸਲ ਨੇ ਖ਼ੂਨਦਾਨ ਕਰਕੇ ਕੀਤਾ।

ਇਸ ਮੌਕੇ ਬਲਤੇਜ ਪੰਨੂ, ਮੀਡੀਆ ਸਲਾਹਕਾਰ, ਮੁੱਖ ਮੰਤਰੀ, ਪੰਜਾਬ ਬਤੌਰ ਮੁੱਖ ਮਹਿਮਾਨ, ਜਸਵਿੰਦਰ ਸਿੰਘ ਚਹਿਲ, ਰਾਜੇਸ਼ ਕੁਮਾਰ ਖੋਸਲਾ, ਜਸਵੀਰ ਸਿੰਘ (ਮੁੱਖ ਇੰਜੀਨੀਅਰ) ਬਤੌਰ ਵਿਸ਼ੇਸ਼ ਮਹਿਮਾਨ ਪਹੁੰਚੇ।



ਖ਼ੂਨਦਾਨੀਆਂ ਦੀ ਹੌਸਲਾ-ਅਫਜਾਈ ਕਰਦੇ ਹੋਏ ਮੁੱਖ ਮਹਿਮਾਨ ਬਲਤੇਜ ਪੰਨੂ ਅਤੇ ਹੋਰ।

ਕੈਂਪ ਵਿੱਚ ਸਤਨਾਮ ਸਿੰਘ ਲੁਬਾਣਾ, ਰਾਜਪਾਲ ਲਸੋਈ, ਰਾਕੇਸ਼ ਬਾਤਿਸ਼, ਜਸਵਿੰਦਰ ਸਿੰਘ, ਭੁਪਿੰਦਰ ਸਿੰਘ ਬੱਲ, ਹਰਦੀਪ ਸਿੰਘ ਸਨੌਰ, ਡਾ: ਭੁਪਿੰਦਰ ਸਿੰਘ ਲਾਂਬਾ ਨੇ ਵਧ-ਚੜ੍ਹ ਕੇ ਸਹਿਯੋਗ ਦਿੱਤਾ। ਵਲੰਟੀਅਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦਿਆਂ ਮੁੱਖ ਮਹਿਮਾਨ ਬਲਤੇਜ ਪੰਨੂ ਨੇ ਕਿਹਾ ਕਿ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕਰਨਾ ਦੁਨੀਆ ਦਾ ਸਭ ਤੋਂ ਵੱਡਾ ਪੁੰਨ ਹੈ। ਇਸ ਨਾਲ ਮਨੁੱਖੀ ਜਾਨਾਂ ਬਚਾਉਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵੱਲੋਂ ਖ਼ੂਨਦਾਨ ਕਰਨਾ ਬਹੁਤ ਸ਼ਲਾਘਾਯੋਗ ਹੈ।

ਇਸ ਮੌਕੇ ਯੂਨੀਅਨ ਪ੍ਰਧਾਨ ਸਤਨਾਮ ਸਿੰਘ ਕੰਬੋਜ ਨੇ ਮੁੱਖ ਮਹਿਮਾਨ ਨਾਲ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਅਤੇ ਮੰਗਾਂ ਸਬੰਧੀ ਚਰਚਾ ਵੀ ਕੀਤੀ, ਜਿਸ ਬਾਰੇ ਬਲਤੇਜ ਪੰਨੂ ਵੱਲੋਂ ਵਿਚਾਰ-ਚਰਚਾ ਕਰਕੇ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ।

ਜਸਵਿੰਦਰ ਸਿੰਘ ਚਹਿਲ, ਰਾਜੇਸ਼ ਕੁਮਾਰ ਖੋਸਲਾ, ਜਸਵੀਰ ਸਿੰਘ (ਮੁੱਖ ਇੰਜੀਨੀਅਰ) ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਸਾਡਾ ਸਭ ਦਾ ਸਾਂਝਾ ਕਾਰਜ ਹੈ। ਇਸ ਮੌਕੇ ਸਮੂਹ ਮੁਲਾਜ਼ਮਾਂ ਵੱਲੋਂ ਬਲਤੇਜ ਪੰਨੂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕੈਂਪ ਵਿਚ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਗਰੇਵਾਲ, ਧਰਮਪਾਲ ਲੌਂਟ, ਸੁਖਵੀਰ ਭਾਨਰੀ, ਕਰਮਜੀਤ ਹਨੀ, ਰਵਿੰਦਰ ਕੁਮਾਰ, ਗੁਰਪ੍ਰੀਤ ਕੌਰ, ਰੂਪ ਕਮਲ, ਸੁਰਭੀ, ਮਨਜੀਤ ਕੌਰ, ਪ੍ਰਿਤਪਾਲ ਸਿੰਘ, ਸੁਖ ਸੋਹਲ, ਹਰਮੇਸ਼ ਰਾਜ ਤੇ ਹੋਰ ਹਾਜ਼ਰ ਸਨ।

# ਜਿਲ੍ਹਾ ਪੀ.ਐਨ.ਡੀ.ਟੀ.ਐਡਵਾਈਜਰੀ ਕਮੇਟੀ ਦੀ ਕੀਤੀ ਮੀਟਿੰਗ

## ਲਿੰਗ ਅਨੁਪਾਤ ਵਿੱਚ ਸਮਾਨਤਾ ਲਿਆਉਣ ਲਈ ਕੀਤੇ ਜਾ ਰਹੇ ਹਨ ਉਪਰਾਲੇ

ਪਟਿਆਲਾ, 26 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹੇ ਵਿੱਚ ਲਿੰਗ ਅਨੁਪਾਤ ਵਿੱਚ ਸਮਾਨਤਾ ਲਿਆਉਣ ਅਤੇ ਪੀ.ਐਨ.ਡੀ.ਟੀ.ਐਕਟ ਨੂੰ ਸਖਤੀ ਨਾਲ ਲਾਗੂ ਕਰਵਾਉਣ ਦੇ ਉਦੇਸ਼ ਨਾਲ ਚੇਅਰਪਰਸਨ ਜਿਲ੍ਹਾ ਐਪ੍ਰੋਪੀਰੇਟ ਅਥਾਰਟੀ ਕਮ ਸਿਵਲ ਸਰਜਨ ਡਾ. ਰਮਿੰਦਰ ਕੋਰ ਦੀ ਅਗਵਾਈ ਵਿੱਚ ਪੀ.ਐਨ.ਡੀ.ਟੀ. ਐਡਵਾਈਜਰੀ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਐਸ.ਜੇ.ਸਿੰਘ,ਸੀਨੀਅਰ ਮੈਡੀਕਲ ਅਫਸਰ ਡਾ. ਕਿਰਨਜੋਤ ਕੋਰ, ਗਾਇਨੀਕੋਲੋਜਿਸਟ ਡਾ. ਚੰਚਲ, ਸੋਸ਼ਲ ਵਰਕਰ ਵਿਜੈ ਗੋਇਲ, ਮਾਸ ਮੀਡੀਆ ਕ੍ਰਿਸ਼ਨ ਕੁਮਾਰ, ਸਹਾਇਕ ਜਿਲ੍ਹਾ ਅਟਾਰਨੀ ਵਿਕਾਸ ਗਰਗ ਅਤੇ ਇਸਤਰੀ ਤੇਂ ਬਾਲ ਵਿਕਾਸ ਵਿਭਾਗ ਤੋਂ ਸੰਦੀਪ ਸਿੰਘ ਹਾਜਰ ਹੋਏ। ਮੀਟਿੰਗ ਵਿੱਚ ਜਿਲ੍ਹੇ ਵਿੱਚ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਅਤੇ ਪੀ.ਐਨ.ਡੀ.ਟੀ. ਐਕਟ ਨੂੰ ਸਖਤੀ ਨਾਲ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲੇ ਜਿਵੇਂ ਅਲਟਰਾ ਸਾਉਂਡ ਸੈਂਟਰਾ ਦੀ ਨਿਰੰਤਰ ਇੰਸਪੈਕਸ਼ਨਾ ਕਰਨੀਆਂ, ਜਾਗਰੁਕਤਾ ਮੁਹਿੰਮਾ ਤੇਜ ਕਰਨ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸਿਵਲ ਸਰਜਨ ਡਾ. ਰਮਿੰਦਰ ਕੋਰ ਨੇਂ ਕਿਹਾ ਕਿ ਪਿਛਲੇ ਕੁੱਝ ਸਾਲਾ ਵਿੱਚ ਜਿਲ੍ਹੇ ਵਿੱਚ ਪੀ.ਐਨ.ਡੀ.ਟੀ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਸਦਕਾ ਲਿੰਗ ਅਨੁਪਾਤ ਵਿੱਚ ਭਾਵੇਂ ਕਾਫੀ ਸੁਧਾਰ ਆਇਆ ਹੈ ਪ੍ਰੰਤੂ ਇਸ ਵਿੱਚ ਹੋਰ ਸੁਧਾਰ ਲਿਆਉਣ ਲਈ ਉਪਰਾਲੇ ਜਾਰੀ ਹਨ।



ਚੈਅਰਪਰਸਨ ਜਿਲ੍ਹਾ ਐਪ੍ਰੋਪੀਰੇਟ ਅਥਾਰਟੀ ਕਮ ਸਿਵਲ ਸਰਜਨ ਡਾ. ਰਮਿੰਦਰ ਕੋਰ ਪੀ. ਐਨ .ਡੀ.ਟੀ. ਐਡਵਾਈਜਰੀ ਕਮੇਟੀ ਦੀ ਮੀਟਿੰਗ ਕਰਦੇ ਹੋਏ।

ਇਸ ਮੀਟਿੰਗ ਵਿੱਚ ਜਿਲ੍ਹੇ ਦੇ ਰੇਡੀਓਲੋਜਿਸਟਾਂ ਵੱਲੋਂ ਵੱਖ ਵੱਖ ਅਲਟਰਾਸਾਂਉਂਡ ਸੈਂਟਰਾ ਵਿੱਚ ਰਜਿਸ਼ਟਰੇਸ਼ਨ ਕਰਵਾਉਣ ਲਈ ਦਿੱਤੇ ਪੱਤਰਾ ਦੀ ਘੋਖ ਪੜਤਾਲ ਕਰਕੇ ਪ੍ਰਵਾਨਗੀ ਦੇਣ ਸਬੰਧੀ ਸਬੰਧੀ ਫੈਸਲੇ ਵੀ ਲਏ ਗਏ।

# ਮੁੱਖ ਮੰਤਰੀ ਨੇ ਬਤੌਰ ਵਿੱਤ ਮੰਤਰੀ ਲਗਾਤਾਰ ਸਰਕਾਰ ਦਾ ਪੰਜਵਾਂ ਟੈਕਸ ਫਰੀ ਬਜਟ ਕੀਤਾ ਪੇਸ਼

**ਚੰਡੀਗੜ੍ਹ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਬਤੌਰ ਵਿੱਤ ਮੰਤਰੀ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਸਰਕਾਰ ਦਾ ਲਗਾਤਾਰ ਪੰਜਾਵਾਂ ਬਜਟ ਪੇਸ਼ ਕੀਤਾ। ਉਨ੍ਹਾਂ ਨੇ ਸਾਲ 2024-25 ਲਈ 189876.61 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ, ਜੋ ਕਿ ਸਾਲ 2023-24 ਦੇ 170490.84 ਕਰੋੜ ਰੁਪਏ ਦੇ ਸੋਧ ਅੰਦਾਜਿਆਂ ਤੋਂ 11.37 ਫੀਸਦੀ ਵੱਧ ਹੈ। ਬਜਟ ਅੰਦਾਜਾ 2024-25 ਵਿਚ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ ਹੈ। ਇਹ ਅਨਹਿਤ ਦਾ ਬਜਟ ਹੈ, ਇਸ ਵਿਚ ਹਰ ਵਰਗ ਦਾ ਖਿਆਲ ਰੱਖਿਆ ਗਿਆ ਹੈ। ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨੇ ਕਿਹਾ ਕਿ 116638.90 ਕਰੋੜ ਰੁਪਏ ਦੀ ਮਾਲ ਪ੍ਰਾਪਤੀ ਦਾ ਅੰਦਾਜਾ ਹੈ, ਜਿਸ ਵਿਚ 84551.10 ਕਰੋੜ ਰੁਪਏ ਦਾ ਟੈਕਸ ਮਾਲ ਅਤੇ 9243.46 ਕਰੋੜ ਰੁਪਏ ਗੈਰ ਟੈਕਸ ਮਾਲ ਸ਼ਾਮਿਲ ਹੈ। ਟੈਕਸ ਮਾਲ ਪ੍ਰਾਪਤ ਵਿਚ ਜੀਐਸਟੀ , ਵੈਟ, ਆਬਕਾਰੀ ਅਤੇ ਸਟਾਂਪ ਅਤੇ ਰਜਿਸਟ੍ਰੇਸ਼ਣ ਮਾਲ ਪ੍ਰਾਪਤੀ ਦੇ ਪ੍ਰਮੁੱਖ ਸਰੋਤ ਹਨ। ਕੇਂਦਰੀ ਟੈਕਸ ਦਾ ਹਿੱਸਾ 13332.23 ਕਰੋੜ ਰੁਪਏ ਅਤੇ ਕੇਂਦਰੀ ਗ੍ਰਾਂਟ ਸਹਾਇਤਾ 9512.11 ਕਰੋੜ ਰੁਪਏ ਹੈ। ਇਸ ਤੋਂ ਇਲਾਵਾ, ਮੈਂ 72722.01 ਕਰੋੜ ਰੁਪਏ ਦੀ ਪੂੰਜੀਗਤ ਪ੍ਰਾਪਤੀ ਦਾ ਅੰਦਾਜਾ ਲਗਾਇਆ ਹੈ। ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮਾਲ ਖਰਚ ਵਜੋ 134456.36 ਕਰੋੜ ਰੁਪਏ ਅਤੇ ਪੂੰਜੀਗਤ ਖਰਚ ਵਜੋ 55420.25 ਕਰੋੜ ਰੁਪਏ ਸ਼ਾਮਿਲ ਹਨ, ਜੋ ਕੁੱਲ ਬਜਟ ਦਾ ਕ੍ਰਮਵਾਰ 70.81 ਫੀਸਦੀ ਅਤੇ 29.19 ਫੀਸਦੀ ਹੈ। ਇਸ ਤੋਂ ਇਲਾਵਾ, ਸਾਲ 2024-25 ਵਿਚ ਪਬਲਿਕ ਖੇਤਰ ਦੇ ਇੰਟਰਪ੍ਰਾਈਜਿਜ ਦੀ ਵੀ ਪੂੰਜੀਗਤ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ 8119.24 ਕਰੋੜ ਰੁਪਏ ਦੀ ਰਕਮ ਖਰਚ ਕਰਨ ਦੀ ਯੋਜਨਾ ਹੈ। ਇਸ ਲਈ, ਕੁੱਲ ਮਿਲਾ ਕੇ ਇਸ ਵਿੱਤ ਸਾਲ ਦੇ ਲਈ ਖਰਚ 63539.49 ਕਰੋੜ ਰੁਪਏ ਹੋਣ ਦਾ ਅੰਦਾਜਾ ਹੈ।ਵਿੱਤ ਸਾਲ 2023-24 ਹਰਿਆਣਾ ਦੇ ਕੁੱਲ ਰਾਜ ਘਰੇਲੂ ਉਤਪਾਦ ਵਿੱਚ ਵਿੱਚ 8.0 ਫੀਸਦੀ ਦੀ ਦਰ ਨਾਲ ਵਾਧਾ ਹੋਣ ਦਾ ਅਨੁਮਾਨ ਹੈ, ਜਦੋਂ ਕਿ ਇਸੇ ਮਿਆਦ ਵਿੱਚ ਰਾਸ਼ਟਰੀ ਕੁੱਲ ਘਰੇਲੂ ਉਤਪਾਦ ਵਿੱਚ 7.3 ਫੀਸਦੀ ਵਾਧਾ ਹੋਣ ਦਾ ਅਨੁਮਾਨ ਹੈ। ਵਿੱਤ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਾਲ 2014-15 ਤੋਂ , 2023-24 ਦੀ ਮਿਆਦ ਸਕਲ ਰਾਜ ਘਰੇਲੂ ਉਤਪਾਦ ਦੀ ਸਾਲਾਨਾ ਚੱਕਰਵਿਧੀ ਦਰ ਸਥਿਰ ਮੁੱਲਾਂ 1 ਪ੍ਰਤੀਸ਼ਤ ਰਹੀ ਹੈ, ਜੋ 2014-15 ਦੇ 3,70,535 ਕਰੋੜ ਰੁਪਏ ਤੋਂ ਵੱਧ ਕੇ 2023-24 ਵਿੱਚ ਵੱਧ ਕੇ 6,34,027 ਕਰੋੜ ਰੁਪਏ ਹੋਣ ਦਾ ਅੰਦਾਜਾ ਹੈ। ਇਸ ਸਮੇਂ ਵਿਚ ਕੌਮੀ ਪੱਧਰ 'ਤੇ ਸਥਿਤ ਮੁੱਲਾਂ 'ਤੇ ਸਕਲ ਘਰੇਲੂ ਉਤਪਾਦ ਵਿਚ 5.6 ਫੀਸਦੀ ਦੀ ਸਾਲਾਨਾ ਚੱਕਰਵਿਧੀ ਦਰ ਦਰਜ ਕੀਤੀ ਗਈ ਹੈ। ਕੌਮੀ ਵਿਕਾਸ ਦੀ ਤੁਲਣਾ ਵਿਚ ਹਰਿਆਣਾ ਦੀ ਤੀਬਰ ਵਾਧਾ ਦਾ ਅਰਥ ਹੈ ਕਿ ਅਖਿਲ ਭਾਂਰਤੀ ਸਕਲ ਘਰੇਲੂ ਉਤਪਾਦ ਵਿਚ ਹਰਿਆਣਾ ਦੀ ਜੀਐਸਡੀਪੀ ਦੀ ਹਿੱਸੇਦਾਰੀ ਸਾਲ 2014-15 ਵਿਚ 3.5 ਫੀਸਦੀ ਤੋਂ ਵੱਧ ਕੇ ਸਾਲ 2023 -24 ਵਿਚ 3.7 ਫੀਸਦੀ ਹੋਣ ਦਾ ਅੰਦਾਜਾ ਹੈ, ਜੋ ਹਰਿਆਣਾ ਦੀ ਆਬਾਦੀ ਅਤੇ ਭਾਰਤ ਦੀ ਆਬਾਦੀ ਵਿਚ ਅਨੁਪਾਤ ਤੋਂ ਕਿਤ ਵੱਧ ਹੈ। ਹਰਿਆਣਾ ਦੇ ਸਕਲ ਰਾਜ ਘਰੈਲੂ ਉਤਪਾਦ ਵਿਚ ਸਾਲ 2023-24 ਵਿਚ 8.01 ਫੀਸਦੀ ਦਾ ਵਾਧਾ ਅਨੁਮਾਨਿਤ ਹੈ, ਜਦੋਂ ਕਿ ਇਸ ਸਮੇਂ ਵਿਚ ਕੌਮੀ ਸਕਲ ਘਰੇਲੂ ਉਤਪਾਦ ਵਿਚ 7.3 ਫੀਸਦੀ ਦਾ ਵਾਧਾ ਹੋਣ ਦਾ ਅੰਦਾਜਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਮੌਜੂਦਾ ਕੀਮਤਾਂ ਤੇ ਕੌਮੀ ਪ੍ਰਤੀ ਵਿਅਕਤੀ ਆਮਦਨ ਸਾਲ 2014 - 15 ਵਿਚ 86647 ਰੁਪਏ ਤੋਂ ਸਾਲ 2023 -24 ਵਿਚ ਵੱਧ ਕੇ 185854 ਰੁਪਏ ਅਨੂਮਾਨਿਤ ਹੈ। ਇਹ ਵਾਧਾ 114 ਫੀਸਦੀ ਹੈ, ਜਦੋਂ ਕਿ ਹਰਿਆਣਾ ਵਿਚ ਇਹ ਸਾਲ 2014-15 ਵਿਚ 147382 ਰੁਪਏ ਤੋਂ ਸਾਲ 2023-24 ਵਿਚ ਵੱਧ ਕੇ 325759 ਰੁਪਏ ਹੋਣ ਦਾ ਅੰਦਾਜਾ ਹੈ, ਜੋ ਕਿ 121 ਫੀਸਦੀ ਦਾ ਵਾਧਾ ਹੈ।

ਉਨ੍ਹਾਂ ਕਿਹਾ ਕਿ ਸਾਲ 2023-24 ਵਿਚ ਮੌਜੂਦਦਾ ਮੁੱਲਾਂ 'ਤੇ ਕੁਲ ਸਕਲ ਰਾਜ ਮੁੱਲ ਸੁਧਾਰ ਵਿਚ ਦੂਜੇ ਖੇਤਰ ਦੀ ਹਿੱਸੇਦਾਰ 29.3 ਫੀਸਦੀ ਅਨੁਮਾਨਤ ਹੈ। ਸਾਲ 2023-24 ਵਿਚ ਸਕਲ ਰਾਜ ਮੁੱਲ ਵਾਧੇ ਵਿਚ ਤੀਜੇ ਖੇਤਰ ਦੀ ਹਿੱਸੇਦਾਰੀ ਵੱਧ ਕੇ 52.6 ਫੀਸਦੀ ਅਤੇ ਪਹਿਲੇ ਖੇਤਰ ਦੀ ਹਿੱਸੇਦਾਰੀ 18.1 ਫੀਸਦੀ ਅਨੁਮਾਨਿਤ ਹੈ। ਸਾਲ 2023-24 ਵਿਚ ਪਹਿਲੀ, ਦੂਜੀ ਅਤੇ ਤੀਜੀ ਖੇਤਰਾਂ ਵਿਚ ਕ੍ਰਮਵਾਰ 8.6 ਫੀਸਦੀ, 6.3 ਫੀਸਦੀ ਅਤੇ 13.8 ਫੀਸਦੀ ਦੇ ਵਾਧੇ ਹੋਣ ਦਾ ਅਨੁਮਾਨ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਹਰਿਆਣਾ ਹਮੇਸ਼ਾ ਰਾਜ ਖਜਾਨਾ ਮਾਨਕਾਂ ਨੂੰ ਸਮਝਦਾਰੀ ਨਾਲ ਮਾਨਕਾਂ ਅੰਦਰ ਬਣਾਏ ਰੱਖਣ ਵਿਚ ਸਫਲ ਰਿਹਾ ਹੈ। ਸੋਧੇ ਅਨੁਮਾਨ 2023-24 ਵਿਚ ਰਾਜ ਖਜਾਨੇ ਘਾਟੇ ਨੂੰ ਜੀਐਸਡੀਪੀ ਦੇ 3.5 ਫੀਸਦੀ ਦੀ ਅਨੁਮੇਯ ਸੀਮਾ ਦੇ ਮੁਕਾਬਲੇ ਜੀ.ਐਸ.ਡੀ.ਪੀ. ਦੇ 2.80 ਫੀਸਦੀ ਤਕ ਘੱਟ ਕੀਤਾ ਗਿਆ ਹੈ। ਸਾਲ 2024-25 ਲਈ ਸਕਲ ਰਾਜ ਘਰੇਲੂ ਉਤਪਾਦ ਦੇ 2.77 ਫੀਸਦੀ ਰਾਜ ਖਜਾਨਾ ਘਾਟੇ ਦਾ ਪ੍ਰਸਤਾਵ ਹੈ, ਜੋ ਕਿ 3.5 ਫੀਸਦੀ ਦੀ ਅਨੁਮੇਯ ਸੀਮਾ ਦੇ ਅੰਦਰ ਹੈ।

ਇੰਨ੍ਹਾਂ ਹੀ ਨਹੀਂ, ਸਕਲ ਕਰਜ਼ਾ ਸਟਾਕ ਨੂੰ ਵੀ ਨਿਰਧਾਰਿਤ ਸੀਮਾ ਵਿਚ ਰੱਖਣ ਵਿਚ ਸਫਲ ਰਹੇ ਹਨ। ਸੋਧੇ ਅਨੁਮਾਨ 2023-24 ਵਿਚ ਕਰਜਾ ਅਤੇ ਸਕਲ ਰਾਜ ਘਰੇਲੂ ਉਤਪਾਦ ਦਾ ਅਨੁਪਾਤ 26 ਫੀਸਦੀ ਹੈ, ਜੋ ਕਿ 33.10 ਫੀਸਦੀ ਦੇ ਮਾਨਕ ਦੀ ਨਿਰਧਾਰਿਤ ਸੀਮਾ ਵਿਚ ਹੈ। ਸਾਲ 2024-25 ਲਈ ਕਰਜਾ, ਸਟਾਕ ਸਕਲ ਰਾਜ ਘਰੇਲੂ ਉਤਪਾਦ ਦਾ 26.15 ਫੀਸਦੀ ਅਨੁਮਾਨਿਤ ਹੈ, ਜੋ 32.80 ਫੀਸਦੀ ਦੇ ਨਿਰਧਾਰਿਤ ਮਾਪਦੰਡਾਂ ਤੋਂ ਕਾਫੀ ਘੱਟ ਹੈ। ਅਸੀਂ ਰਾਜ ਖਜਾਨਾ ਸਮਝਦਾਰੀ ਅਪਨਾਨਾ ਜਾਰੀ ਰੱਖਗਾਂ, ਕਿਉਂਕਿ ਸਾਰੇ ਆਰਥਿਕ ਵਿਕਾਸ ਦਾ ਇਹੀ ਇਕ ਮਾਤਰ ਰਸਤਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਰਾਜ ਦੇ ਜਨਤਕ ਅਦਾਰਿਆਂ ਦਾ ਸਾਲ 2023-24 ਵਿਚ ਕਾਰੋਬਾਰ 79,907 ਕਰੋੜ ਰੁਪਏ ਰਹਿਣ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਤੋਂ 11.94 ਫੀਸਦੀ ਦਾ ਵਾਧਾ ਹੈ। ਪਿਛਲੇ 9 ਸਾਲਾਂ ਦੇ ਸਮੇਂ ਵਿਚ ਜਨਤਕ ਖੇਤਰ ਵਿਚ ਅਦਾਰਿਆਂ ਦੇ ਪ੍ਰਦਰਸ਼ਨ ਵਿਚ ਸੁਧਾਰ ਹੋਇਆ ਹੈ।

# ਹੋਲਾ ਮਹੱਲਾ ਮੌਕੇ ਸੰਗਤਾਂ ਦੀ ਸਹੂਲਤ ਲਈ ਹੋਣਗੇ ਪੁਖਤਾ ਪ੍ਰਬੰਧ, ਪਲਾਸਟਿਕ ਮੁਕਤ ਮਨਾਇਆ ਜਾਵੇਗਾ ਤਿਉਹਾਰ : ਡਿਪਟੀ ਕਮਿਸ਼ਨਰ

## ਸ਼ਰਧਾਲੂਆਂ ਦੀ ਸੁਰੱਖਿਆਂ, ਸੁਚਾਰੂ ਟ੍ਰੈਫਿਕ ਵਿਵਸਥਾ ਯਕੀਨੀ ਬਣਾਈ ਜਾਵੇਗੀ : ਐਸ.ਐਸ.ਪੀ

**ਸ੍ਰੀ ਅਨੰਦਪੁਰ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾ 2024 ਦੀਆਂ ਅਗਾਓ ਤਿਆਰੀਆਂ ਅਤੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾਂ ਕਰਨ ਲਈ ਅੱਜ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਅਤੇ ਗੁਲਨੀਤ ਸਿੰਘ ਖੁਰਾਨਾ ਐਸ.ਐਸ.ਪੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੇ ਜਿੱਥੇ ਉਨ੍ਹਾਂ ਨੇ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਅਤੇ ਮੈਨੇਜਰ ਗੁਰਦੀਪ ਸਿੰਘ ਰੋਡੇ ਨਾਲ ਹੋਲਾ ਮਹੱਲਾ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾਂ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ, ਡੀ.ਐਸ.ਪੀ ਅਜੇ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ ਵੀ ਮੌਜੂਦ ਸਨ।

ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੋਲਾ ਮਹੱਲਾ ਦੇ ਪ੍ਰਬੰਧਾਂ ਲਈ ਨਿਰੰਤਰ ਬੈਠਕਾਂ ਕੀਤੀਆ ਜਾ ਰਹੀਆਂ ਹਨ, ਜਿਲ੍ਹਾਂ ਪ੍ਰਸਾਸ਼ਨ ਅਗਾਓ ਸਾਰੀਆਂ ਤਿਆਰੀਆਂ ਕਰ ਰਿਹਾ ਹੈ। ਸੰਗਤਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ, ਵਿਆਪਕ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ, ਸਟਰੀਟ ਲਾਈਟ, ਸੜਕਾਂ ਦੀ ਮੁਰੰਮਤ, ਪੀਣ ਵਾਲਾ ਪਾਣੀ, ਪਖਾਨੇ, ਵਾਹਨਾਂ ਦੀ ਪਾਰਕਿੰਗ ਦੇ ਕੰਮ ਚੱਲ ਰਹੇ ਹਨ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਾਰ ਹੋਲਾ ਮਹੱਲਾ ਸਿੰਗਲ ਯੂਜ ਪਲਾਸਟਿਕ ਮੁਕਤ ਮਨਾਇਆ ਜਾਵੇਗਾ, ਇਸ ਦੇ ਲਈ ਸਿੰਘ ਸਾਹਿਬ ਸੰਗਤਾਂ ਨੂੰ ਅਪੀਲ ਕਰਨ ਤਾਂ ਜੋ ਗੁਰੂ ਨਗਰੀ ਨੂੰ ਪ੍ਰਦੂਸ਼ਣ ਮੁਕਤ ਸਾਫ ਸੁਥਰਾ ਰੱਖਿਆ ਜਾਵੇ। ਉਨ੍ਹਾਂ ਨੇ ਸਿੰਘ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਲੰਗਰ ਕਮੇਟੀਆਂ ਨੂੰ ਸਫਾਂਈ ਵਿਵਸਥਾ ਵਿਚ ਸਹਿਯੋਗ ਦੇਣ ਲਈ ਕਹਿਣ। ਸੰਗਤਾਂ ਦੀ ਸਹੂਲਤ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਡਿਪਟੀ ਕਮਿਸ਼ਨਰ ਨੇ ਵਿਸਥਾਰ ਵਿੱਚ ਜਾਣਕਾਰੀ ਸਾਝੀ ਕੀਤੀ।

ਗੁਲਨੀਤ ਸਿੰਘ ਖੁਰਾਨਾ ਐਸ.ਐਸ.ਪੀ ਰੂਪਨਗਰ ਨੇ ਕਿਹਾ ਕਿ ਹੋਲਾ ਮਹੱਲਾ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆਂ ਦੇ ਢੁਕਵੇ ਪ੍ਰਬੰਧ ਕੀਤੇ ਗਏ ਹਨ। ਸੁਚਾਰੂ ਟ੍ਰੈਫਿਕ ਵਿਵਸਥਾ ਬਹਾਲ ਰੱਖਣ ਲਈ ਬਦਲਵੇ ਰੂਟ ਬਣਾਏ ਜਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਸਿੰਘ ਸਾਹਿਬ ਸੰਗਤਾਂ ਨੂੰ ਅਪੀਲ ਕਰਨ ਕਿ ਵਾਹਨਾਂ ਉਤੇ ਸਟੰਟ ਕਰਨ ਤੋ ਪ੍ਰਹੇਜ਼ ਕਰਨ, ਟਰੈਕਟਰ ਅਤੇ ਮੋਟਰ ਸਾਈਕਲ ਦੇ ਸਾਈਲੈਸਰ ਖੋਲ ਕੇ ਮੇਲੇ ਵਿਚ ਨਾ ਆਉਣ, ਮੋਟਰਸਾਈਕਲਾਂ ਦੇ ਪਟਾਕੇ ਨਾ ਬਜਾਏ ਜਾਣ, ਟਰੈਕਟਰ, ਟਰਾਲੀਆਂ ਤੇ ਵਾਹਨ ਨਿਰਧਾਰਤ ਪਾਰਕਿੰਗ ਵਿਚ ਹੀ ਖੜ੍ਹੇ ਕਰਨ, ਉੱਚੀ ਅਵਾਜ ਵਿੱਚ ਲਾਊਡ ਸਪੀਕਰ ਵਜਾਉਣ ਤੋ ਪ੍ਰਹੇਜ਼ ਕੀਤਾ ਜਾਵੇ ਅਤੇ ਨਸ਼ਿਆ ਦੀ ਵਰਤੋਂ ਨਾ ਕਰਨ ਬਾਰੇ ਸਿੰਘ ਸਾਹਿਬ ਸਮੁੱਚੀ ਲੋਕਾਈ ਨੂੰ ਅਪੀਲ ਕਰਨ, ਉਨ੍ਹਾਂ ਦਾ ਸੰਗਤ ਤੇ ਵਧੇਰੇ ਪ੍ਰਭਾਵ ਹੈ, ਇਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ।

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਕਿਹਾ ਕਿ ਪ੍ਰਸਾਸ਼ਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਹੋਲਾ ਮਹੱਲਾ ਤੋ ਪਹਿਲਾ ਪ੍ਰਸਾਸ਼ਨ ਸਾਰੇ ਪ੍ਰਬੰਧ ਮੁਕੰਮਲ ਕਰ ਲਵੇ, ਦੇਸ਼ ਵਿਦੇਸ਼ ਤੋ ਆਉਣ ਵਾਲੀਆਂ ਸੰਗਤਾਂ ਨੂੰ ਗੁਰੂ ਨਗਰੀ ਪਹੁੰਚਣ ਤੇ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ ਜਾਵੇਗਾ। ਗੁਰਦੀਪ ਸਿੰਘ ਰੋਡੇ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਕਿਹਾ ਕਿ ਹੋਲਾ ਮਹੱਲਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਲੋੜੀਦੇ ਪ੍ਰਬੰਧ ਕਰਨ ਲਈ ਪ੍ਰਸਾਸ਼ਨ ਨਾਲ ਤਾਲਮੇਲ ਰੱਖਿਆ ਜਾਵੇਗਾ। ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ, ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ, ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਏ ਅਤੇ ਹੋਲਾ ਮਹੱਲਾ ਸਮਾਗਮਾਂ ਨੂੰ ਸ਼ਰਧਾ ਭਾਵ ਨਾਲ ਕਰਵਾਉਣ ਦੀ ਅਰਦਾਸ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ, ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ, ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਦਾ ਸਿਰਾਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾ ਤੋ ਇਲਾਵਾ ਨਾਇਬ ਤਹਿਸੀਲਦਾਰ ਵਿਕਾਸਦੀਪ, ਹਰਪ੍ਰੀਤ ਸਿੰਘ ਸੂਚਨਾ ਅਫਸਰ, ਹਰਦੇਵ ਸਿੰਘ ਸਹਾਇਕ, ਹਿੰਮਤ ਸਿੰਘ ਐਸ.ਐਚ.ਓ ਹਾਜ਼ਰ ਸਨ।

# ਕੌਮਾਂਤਰੀ ਮਾਂ ਬੋਲੀ ਪੰਜਾਬੀ ਦਿਵਸ ਮੌਕੇ ਹਰਵੀਰ ਸਿੰਘ ਢੀਂਡਸਾ ਸਨਮਾਨਤ



**ਨਾਭਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਮਪਰੂਮੈਂਟ ਟਰੱਸਟ ਨਾਭਾ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦੀ ਅਗਵਾਈ ਵਿੱਚ ਸਾਥੀਆਂ ਵੱਲੋਂ ਪਟਿਆਲਾ ਗੇਟ ਦਫਤਰ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਇਸ ਮੌਕੇ ਸਮਾਜ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਤੇ ਹਰਵੀਰ ਸਿੰਘ ਢੀਂਡਸਾ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਉਪਰੰਤ ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਆਪਣੀ ਮਾਂ ਬੋਲੀ ਭਾਸ਼ਾ ਪ੍ਰਤੀ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਹਰਵੀਰ ਸਿੰਘ ਢੀਂਡਸਾ ਨੇ ਹਮੇਸ਼ਾ ਹੀ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਆਪਣੀਆਂ ਫਿਲਮਾਂ, ਵੀਡੀਓ ਐਲਬਮ, ਗੀਤਾਂ ਅਤੇ ਨਵ ਕਿਰਨ ਪੰਜਾਬੀ ਸਾਹਿਤ ਸਭਾ ਦੀ ਸਥਾਪਨਾ ਕਰਕੇ ਪਿਛਲੇ 40 ਸਾਲਾਂ ਤੋਂ ਨਿਰੰਤਰ ਸੇਵਾ ਕਰ ਰਹੇ ਹਨ। ਉਹਨਾਂ ਕਿਹਾ ਕਿ ਸੈਂਕੜੇ ਲੋੜਵੰਦਾ ਦੀ ਨਵ ਕਿਰਨ ਸਾਹਿਤ ਸਭਾ ਰਾਹੀਂ ਵੀਲ ਚੇਅਰ, ਗਰੀਬ ਕੁੜੀਆਂ ਦੇ ਵਿਆਹ ਕਰਨੇ, ਨੌਜਵਾਨ ਪੀੜੀ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾਂ ਰਿਹਾ ਹੈ। ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਲੋਕਾਂ ਨੂੰ ਆਪਣੀ ਮਾਂ ਬੋਲੀ ਪ੍ਰਤੀ ਪ੍ਰੇਰਿਤ ਹੋਣਾ ਬਹੁਤ ਜਰੂਰੀ ਹੈ। ਸਨਮਾਨਿਤ ਹੋਣ ਉਪਰੰਤ ਹਰਵੀਰ ਸਿੰਘ ਢੀਂਡਸਾ ਨੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਅਤੇ ਉਨਾਂ ਦੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮਾਂ ਬੋਲੀ ਲੋਕਾਂ ਨੂੰ ਪ੍ਰੇਰਿਤ ਕਰਨ ਨਾਲ ਮੇਰੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਸਾਨੂੰ ਕਦੇ ਵੀ ਆਪਣੀ ਮਾਂ ਬੋਲੀ ਨੂੰ ਨਹੀਂ ਭੁੱਲਣਾ ਚਾਹੀਦਾ।ਇਸ ਮੌਕੇ ਅਵਿਨਾਸ਼ ਰਾਣਾ, ਸੰਦੀਪ ਨਾਗਰ ਪ੍ਰਿੰਸੀਪਲ ਡਾਇਟ ਨਾਭਾ, ਅਰਵਿੰਦਰ ਸਿੰਘ ਢਿੱਲੋ, ਨਿਰਭੈ ਸਿੰਘ, ਸੁਖਦੇਵ ਸਿੰਘ ਪੀਟਰ, ਗੇਜਾ ਸਿੰਘ ਪੰਧੇਰ, ਪਰਦੀਪ ਕੁਮਾਰ, ਜਗਮੇਲ ਸਿੰਘ ਸੋਹੀ, ਭਗਵੰਤ ਸਿੰਘ ਰਾਮਗੜੀਆ, ਰੁਪਿੰਦਰ ਲੂੰਬੀ, ਤਲਵਿੰਦਰ ਸਿੰਘ ਤੇਜੇ, ਯਾਦਵਿੰਦਰ ਸਿੰਘ, ਬੀਕੇ ਕਪਲਾਸ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਪਵਨ ਮਹਿਤਾ ਆਦਿ ਹਾਜ਼ਰ ਸਨ।

# ਸਾਨੂੰ ਸਾਰਿਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ: ਅਮਰ ਟੋਡਰਵਾਲ

**ਨਾਭਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰਪੁਰਬ ਦੇ ਸਬੰਧ ਵਿੱਚ ਆਖੰਡਪਾਠ ਸਾਹਿਬ ਆਰੰਭ ਕੀਤੇ ਅਤੇ ਸਜਾਇਆ ਨਗਰ ਕੀਰਤਨ ਨੂੰ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰਪੁਰਬ ਦੇ ਸਬੰਧ ਵਿੱਚ ਆਖੰਡਪਾਠ ਸਾਹਿਬ ਸਵੇਰੇ 10 ਵਜੇ ਆਰੰਭ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਦੇ ਲਈ ਰੁਮਾਲਾ ਸੈਟ ਥੜ੍ਹਾ ਸਾਹਿਬ ਲਈ ਚਾਨਣੀ ਦੀ ਸੇਵਾ ਰਾਜਵਿੰਦਰ ਸਿੰਘ ਰਾਜੂ ਦੇ ਪਰਿਵਾਰ ਵੱਲੋਂ ਕੀਤੀ ਗਈ, ਜਿਸ ਤੇ ਲੱਗਭਗ 40,000/- ਰੁਪਏ ਖਰਚ ਕੀਤਾ। ਸਵੇਰੇ 11:30 ਵਜੇ ਸੰਤ ਬਾਬਾ ਰਣਜੀਤ ਸਿੰਘ ਤਪਾ ਦਰਾਜ ਮੋਹਾਲੀ ਅਤੇ ਪ੍ਰਸਿੱਧ ਕਥਾਵਾਚਕ ਸ. ਰਾਜਿੰਦਰਪਾਲ ਸਿੰਘ ਨੇ ਨਗਰ ਕੀਰਤਨ ਰਵਾਨਾ ਕੀਤਾ । ਇਸ ਮੌਕੇ ਤੇ ਸਮੂਹ ਸੋਸਾਇਟੀ ਮੈਂਬਰ, ਸਾਬਕਾ ਪ੍ਰਧਾਨ ਅਤੇ ਸਮੂਹ ਸੰਗਤਾਂ ਭਾਰੀ ਗਿਣਤੀ ਵਿੱਚ ਹਾਜ਼ਰ ਸਨ। ਨਗਰ ਕੀਰਤਨ ਰੂਟ ਵਿੱਚ ਸੰਗਤਾਂ ਨੇ ਬਹੁਤ ਥਾਂ ਤੇ ਚਾਹ- ਪਾਣੀ ਅਤੇ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਹਰ ਸਾਲ ਦੀ ਤਰ੍ਹਾਂ ਹਰੀਦਾਸ ਕਲੋਨੀ ਦੀ ਸੰਗਤ ਵੱਲੋਂ ਵਿਸ਼ੇਸ਼ ਲੰਗਰਾਂ ਦੇ ਪ੍ਰਬੰਧ ਕੀਤੇ ਹੋਏ ਸਨ। ਨਗਰ ਕੀਰਤਨ ਵਿੱਚ ਚੜ੍ਹਦੀਕਲਾ ਗੱਤਕਾ ਪਾਰਟੀ ਵੱਲੋਂ ਆਪਣੇ ਜੌਹਰ ਦਿਖਾਏ ਗਏ। ਅੰਤ ਵਿੱਚ ਨਗਰ ਕੀਰਤਨ ਸ਼ਾਮ 7:30 ਵਜੇ ਡੇਰਾ ਗੁਰੂ ਰਵਿਦਾਸ ਜੀ ਵਿਖੇ ਪਤ ਹੋਇਆ। ਇਹ ਜਾਣਕਾਰੀ ਅਮਰ ਸਿੰਘ ਟੋਡਰਵਾਲ ਜਨ-ਸਕੱਤਰ ਸ੍ਰੀ ਗੁਰੂ ਰਵਿਦਾਸ ਸੇਸਾ ਸੁਸਾਇਟੀ ਰਜਿ. ਨਾਭਾ ਵੱਲੋਂ ਦਿੱਤੀ ਗਈ ਹੈ।



# ਵਾਣੀ ਸਕੂਲ 'ਚ ਸਪੈਸ਼ਲ ਬੱਚਿਆਂ ਲਈ ਬਣਾਏ ਚਾਰ ਬਾਥਰੂਮ



**ਪਟਿਆਲਾ, 26 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਅਰਬਨ ਅਸਟੇਟ 'ਚ ਸਥਿਤ ਵਾਣੀ ਸਕੂਲ ਵਿਖੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਨਵੇਂ ਬਣੇ ਚਾਰ ਬਾਥਰੂਮਾਂ ਦਾ ਉਦਘਾਟਨ ਕੀਤਾ। ਇਸ ਮੌਕੇ ਅਲਟਰਾਟੈਕ ਸੀਮਿੰਟ ਕੰਪਨੀ ਦੇ ਯੂਨਿਟ ਹੈੱਡ ਮਨਹੋਰ ਲਾਲ ਤੇ ਸਕੂਲ ਦੇ ਪ੍ਰਿੰਸੀਪਲ ਸੁਖਚੈਨ ਕੌਰ ਵਿਰਕ ਵੀ ਮੌਜੂਦ ਸਨ। ਅਲਟਰਾਟੈਕ ਸੀਮਿੰਟ ਵੱਲੋਂ ਆਪਣੇ ਸੀ.ਐਸ.ਆਰ. ਫੰਡ ਰਾਹੀਂ ਬਣਾਏ ਚਾਰ ਬਾਥਰੂਮਾਂ ਦਾ ਉਦਘਾਟਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੱਡੇ ਵਪਾਰਕ ਅਦਾਰਿਆਂ ਵੱਲੋਂ ਸੀ.ਐਸ.ਆਰ. ਫੰਡ ਰਾਹੀਂ ਵਿੱਦਿਅਕ ਸੰਸਥਾਵਾਂ ਦੀ ਕੀਤੀ ਜਾਂਦੀ ਸਹਾਇਤਾ ਸ਼ਲਾਘਾਯੋਗ ਕਦਮ ਹੈ।

# ਗੁਰੂ ਰਵਿਦਾਸ ਜੀ ਦੇ 647ਵੇਂ ਪਵਿੱਤਰ ਪ੍ਰਕਾਸ਼ ਉਤਸਵ ਦੇ ਉਪਲਕਸ਼ ਵਿੱਚ ਵਿਸ਼ਾਲ ਸ਼ੋਭਾ ਯਾਤਰਾ



**ਪਠਾਨਕੋਟ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੂਜਨੀ ਸੁਆਮੀ ਗੁਰਦੀਪ ਗਿਰਿ ਜੀ ਮਹਾਰਾਜ ਜੀ ਸ੍ਰੀ ਸ੍ਰੀ 1008 ਅਧਿਅਕਸ਼ ਡੇਰਾ ਸਵਾਮੀ ਜਗਤ ਗੁਰੂ ਜੀ ਦੀ ਦੇ ਰਹਿਨੁਮਾਈ ਵਿੱਚ ਇੱਕ ਵਿਸ਼ਾਲ ਸ਼ੋਭਾ ਯਾਤਰਾ ਅਤੇ ਸੰਮੇਲਨ ਦਾ ਆਯੋਜਨ ਕੀਤਾ ਗਿਆ ।ਇਹ ਕਾਰਕਰਮ ਪਰਮ ਪੂਜਨੀਕ ਸੰਤ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਉਤਸਵ ਦੇ ਉਪਲਕਸ਼ ਵਿੱਚ ਕੀਤਾ ਗਿਆ ਜਿਸ ਵਿੱਚ ਹਜ਼ਾਰਾਂ ਹੀ ਨਹੀਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਬੜੇ ਜੋਸ਼ ਅਤੇ ਉਤਸਾਹ ਨਾਲ ਹਿੱਸਾ ਲਿਆ ।

ਇਸ ਕਾਰਕਰਮ ਦੇ ਵਿੱਚ ਮੁੱਖ ਰੂਪ ਵਿੱਚ ਅਵਤਾਰ ਸਿੰਘ ਪ੍ਰਧਾਨ ਮੋਰਚਾ ਜਿਲ੍ਹਾ ਪਠਾਨਕੋਟ, ਅਤੇ ਪੰਜਾਬ ਸਰਕਾਰ ਵਿਚ ਕੈਬਿਨੇਟ ਮੰਤਰੀ ਸ਼੍ਰੀ ਲਾਲ ਚੰਦ ਕਟਾਰੁਚਕ ਸ਼ਾਮਿਲ ਹੋਏ ਅਤੇ ਸੁਆਮੀ ਗੁਰਦੀਪ ਗਿਰੀ ਜੀ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਮਾਜ ਵਿੱਚ ਜਿੱਥੇ ਇੱਕ ਪਾਸੇ ਕਈ ਤਰ੍ਹਾਂ ਦੀਆਂ ਕੁਰੀਤੀਆਂ ਹਨ।

ਇਸ ਮਾਹੌਲ ਵਿੱਚ ਸੰਤ ਗੁਰੂ ਰਵਿਦਾਸ ਜੀ ਦੇ ਦਿਖਾਏ ਹੋਏ ਰਸਤੇ ਤੇ ਚੱਲ ਕੇ ਹੀ ਸਾਡੇ ਸਮਾਜ ਦਾ ਅਤੇ ਵਿਸ਼ਵ ਦਾ ਕਲਿਆਣ ਹੋ ਸਕਦਾ ਹੈ। ਸ੍ਰੀ ਸੁਆਮੀ ਗੁਰਦੀਪ ਗਿਰੀ ਜੀ ਮਹਾਰਾਜ ਨੇ ਆਈਆਂ ਹੋਈਆਂ ਸਾਰੀਆਂ ਸੰਗਤਾਂ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਸਾਰਿਆਂ ਨੂੰ ਆਸ਼ੀਰਵਾਦ ਦਿੱਤਾ।

# ਨੈਸ਼ਨਲ ਪਲਸ ਪੋਲੀਓ ਮੁਹਿੰਮ ਦੌਰਾਨ ਪੂਰੀ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾਵੇ: ਡਾ. ਜੰਗਜੀਤ ਸਿੰਘ

**ਸ੍ਰੀ ਕੀਰਤਪੁਰ ਸਾਹਿਬ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ.ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਪਲਸ ਪੋਲੀਓ ਰਾਊਂਡ 03 ਮਾਰਚ 2024 ਦੇ ਸਬੰਧ ਵਿੱਚ ਪਲਸ ਪੋਲੀਓ ਸੁਪਰਵਾਈਜ਼ਰਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ।



ਇਸ ਮੌਕੇ ਡਾ.ਜੰਗਜੀਤ ਸਿੰਘ ਬਲਾਕ ਨੋਡਲ ਅਫਸਰ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਸਫਲ ਕਰਨ ਲਈ ਹੈਲਥ ਐਂਡ ਵੈਲਨੈਸ ਸੈਂਟਰ ਪੱਧਰ ਤੇ ਵਿਸ਼ੇਸ਼ ਟ੍ਰੇਨਿੰਗਾਂ ਦਿੱਤੀਆਂ ਜਾਣਗੀਆਂ। ਉਨਾਂ ਦੱਸਿਆ ਕਿ ਭਾਰਤ ਵਿੱਚ ਪੋਲੀਓ ਦਾ ਕੋਈ ਪੌਜ਼ਟਿਵ ਕੇਸ ਨਹੀਂ ਹੈ ਪ੍ਰੰਤੂ ਫਿਰ ਵੀ ਇਸ ਲਈ ਸਾਨੂੰ ਜਾਗਰੂਕ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਪੀ.ਐਚ.ਸੀ ਕੀਰਤਪੁਰ ਸਾਹਿਬ ਅਧੀਨ 20 ਸੁਪਵਾਈਜ਼ਰ ਲਗਾਏ ਗਏ ਹਨ ਤੇ ਡੋਰ ਟੂ ਡੋਰ ਮੁਹਿੰਮ ਦੌਰਾਨ 154 ਟੀਮਾਂ ਕੰਮ ਕਰਨਗੀਆਂ। ਇਸ ਮੌਕੇ ਹੋਰ ਜਾਣਕਾਰੀ ਦਿੰਦਿਆਂ ਸਿਕੰਦਰ ਸਿੰਘ ਬੀ.ਈ.ਈ ਦੁਆਰਾ ਦੱਸਿਆ ਗਿਆ ਕਿ 0-5 ਸਾਲ ਦੇ ਹਰ ਬੱਚੇ ਨੂੰ ਇਹ ਦਵਾਈ ਪਲਾਈ ਜਾਣੀ ਹੈ ਭਾਵੇਂ ਬੱਚਾ ਬਿਮਾਰ ਹੈ ਤਾਂ ਵੀ, ਬੱਚਾ ਨਵਜੰਮਿਆ ਹੈ ਤਾਂ ਵੀ, ਬੱਚਾ ਸਫਰ ਕਰ ਰਿਹਾ ਹੈ ਤਾਂ ਵੀ, ਬੱਚਾ ਪਹਿਲਾਂ ਬੂੰਦਾਂ ਪੀ ਚੁੱਕਾ ਹੈ ਤਾਂ ਵੀ ਉਸ ਨੂੰ ਪੋਲੀਓ ਦੀਆਂ ਬੂੰਦਾਂ ਪਲਾਈਆਂ ਜਾਣਗੀਆਂ।

# ਪੁਲਿਸ ਵੱਲੋਂ ਵੱਖ ਵੱਖ ਥਾਂਵਾਂ ਤੋਂ 970 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ



**ਤਰਨਤਾਰਨ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਅੰਦਰ ਥਾਣਾ ਖਾਲੜਾ ਅਤੇ ਥਾਣਾ ਭਿੱਖੀਵਿੰਡ ਪੁਲਸ ਨੈ ਬੀਤੀ ਦੇਰ ਵਖ ਵਖ ਥਾਵਾ ਉਪਰ 970 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆ ਕੋਲ ਬਰਾਮਦ ਹੋਈ। ਇਕ ਮੋਟਰਸਾਈਕਲ ਵੀ ਬਰਾਮਦ ਹੋਏ। ਡੀ ਐਸ ਪੀ ਪ੍ਰੀਤ ਇੰਦਰ ਸਿੰਘ।

ਤਰਨਤਾਰਨ 23ਫਰਵਰੀ (ਜਸਬੀਰ ਸਿੰਘ) ਤਰਨਤਾਰਨ ਜਿਲਾ ਅੰਦਰ ਥਾਣਾ ਖਾਲੜਾ ਦੇ ਐਸ ਐਚ ਓ ਵਿਨੋਦ ਕੁਮਾਰ ਸਰਮਾ ਪੁਲਿਸ ਪਾਰਟੀ ਸਮੇਤ ਅਤੇ ਬੀ ਐਸ ਐਫ ਸਾਝੇ ਚੈਕਿੰਗ ਦੋਰਾਨ ਕਲ ਦੇਰ ਸਾਮ ਨੂੰ ਪਿੰਡ ਡੱਲ ਦੇ ਕੋਲ ਲੋਹੇ ਦੇ ਪੁਲ ਕੋਲ ਡਰੇਨ ਵਿਚੋ 498ਗਰਾਮ ਹੈਰੋਇਨ ਬਰਾਮਦ ਹੋਈ।

ਥਾਣਾ ਖਾਲੜਾ ਮੁਕੱਦਮਾ ਨੰਬਰ 25 (22ਫਰਵਰੀ ਧਾਰਾ 21ਸੀ ਐਨ ਡੀ ਪੀ ਐਸ =10:11:12ਏ ਅਰਕਾਰਫਟ ਐਕਟ1934 ਮਾਮਲਾ ਦਰਜ ਕਰ ਲਿਆ ਗਾਏ ਅਤੇ ਅਜ ਮਾਣਯੋਗ ਅਦਾਲਤ ਪਟੀ ਵਿੱਚ ਪੇਸ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਹੈ।

ਇਸੇ ਤਰਾ ਕਲ ਦੇਰ ਸਾਮ ਥਾਣਾ ਭਿੱਖੀਵਿੰਡ ਐਸ ਐਚ ਉ ਪੁਲਿਸ ਪਾਰਟੀ ਸਮੇਤ ਪਿੰਡ ਸੁਰਸਿੰਘ ਦੇ ਖੇਡ ਸਟੇਡੀਅਮ ਕੋਲ ਇਕ ਨੋਜਵਾਨ ਮੋਟਰਸਾਈਕਲ ਸਵਾਰ ਹੋ ਕੇ ਆਉਦੇ ਦੀ ਤਲਾਸੀ ਲੈਣ ਦੋਰਾਨ ਉਸ ਕੋਲੋ 480ਗਰਾਮ ਹੈਰੋਇਨ ਤੇ ਦੋ ਨੋਟ ਪੰਜ ਪੰਜ ਸੌਰੁਪਏ ਵਾਲੇ ਭਾਰਤੀ ਕਰੰਸੀ ਅਤੇ ਇਕ ਮੋਟਰਸਾਈਕਲ ਬਰਾਮਦ ਹੋਏ ।ਇਸ ਦੇ ਖਿਲਾਫ ਥਾਣਾ ਭਿੱਖੀਵਿੰਡ ਵਿਖੇ ਮਾਮਲਾ ਦਰਜ ਕਰਕੇ ਅਜ ਮਾਣਯੋਗ ਅਦਾਲਤ ਪਟੀ ਵਿਖੇ ਪੇਸ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਹੇ ।ਇਹ ਸਾਰੀ ਜਾਣਕਾਰੀ ਸਬ ਡਵੀਜ਼ਨ ਭਿੱਖੀਵਿੰਡ ਦੇ ਪ੍ਰੀਤਇੰਦਰ ਸਿੰਘ ਡੀ ਐਸ ਪੀ ਨੇ ਦਿਤੀ ਗਾਈ ਹੈ ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਿਤ ਸਾਹ, ਮੋਦੀ ਅਤੇ ਹਰਿਆਣਾ ਸਰਕਾਰ ਦੇ ਪੁਤਲੇ ਸੜੇ ਗਾਏ ਅਤੇ ਕੀਤਾ ਰੋਸ ਪ੍ਰਦਰਸ਼ਨ

**ਤਰਨਤਾਰਨ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਵੱਲੋਂ ਅੱਜ ਭਰਤੀ ਜਨਤਾ ਪਾਰਟੀ ਦੇ ਅਮਿਤ ਸਾਹ ਤੇ ਨਰਿੰਦਰ ਮੋਦੀ ਅਤੈ ਹਰੀਆਣਾ ਮੁੱਖ ਮੰਤਰੀ ਖਟੜ ਸਮੇਤ ਵਿਰੁੱਧ ਭਾਰੀ ਨਾਅਰੇਬਾਜੀ ਅਤੇ ਪੁਤਲੇ ਫੂਕਿਆ ਗਾਏ। ਅੱਜ ਚੌਂਕ ਚਾਰ ਖੰਭਾ ਵਿਖੇ ਭਾਜਪਾ ਪਾਰਟੀ ਦੇ ਖਿਲਾਫ ਰੋਸ ਰੈਲੀ ਵਖ ਵਖ ਬਜਾਰਾ ਰਾਹੀ ਹੋ ਕੇ ਵੀ ਚੌਂਕ ਚਾਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਕੋਮੀ ਕਿਸਾਨ ਜਿਲਾ ਪ੍ਰਧਾਨ ਤਰਸੇਮ ਸਿੰਘ ਲੁਹਾਰ, ਨਰਿੰਦਰ ਸਿੰਘ ਸਾਬਕਾ ਸਰਪੰਚ ਜਾਮਾਰਾਏ / ਹਿੰਦਵੀਰ ਸਿੰਘ ਵਰਾਣਾ /ਪ੍ਰਗਟ ਸਿੰਘ ਜਾਮਾਰਾਏ/ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ ਦੇ ਡਾ ਅਮੋਲਕ ਸਿੰਘ ਗੋਰਖਾ, ਕੁੱਲ ਹਿੰਦ ਕਿਸਾਨ ਸਭਾ(ਅਜੈ ਭਵਨ) ਪੂਰਨ ਸਿੰਘ ਮਾੜੀਮੇਘਾ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਚਮਕੌਰ ਸਿੰਘ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਮੇਹਰ ਸਿੰਘ ਸਖੀਰਾ ਨੇ ਕੀਤੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ ਦੇ ਸੂਬਾ ਪ੍ਰਧਾਨ ਨਿਰਵੈਲ ਸਿੰਘ ਡਾਲੇਕੇ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ , ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਦਾਈਕੇ , ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਗੁਰਸਾਹਿਬ ਸਿੰਘ ਡੱਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗ਼ਲ ਚੱਕ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਇੰਦਰਜੀਤ ਸਿੰਘ ਮਰਹਾਣਾ ਆਦਿ ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਜਨਤਾ ਪਾਰਟੀ ਦੀ ਕੇਂਦਰ ਦੀ ਨਰਿੰਦਰ ਮੋਦੀ ਦੀ ਸਰਕਾਰ ਖ਼ਿਲਾਫ਼ ਭਾਰਤ ਦੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਅਤੇ ਆਪਣੀਆਂ ਫਸਲਾਂ ਦੇ ਲਾਹੇਵੰਦ ਭਾਅ ਅਤੇ ਖਰੀਦ ਗਰੰਟੀ ਲਈ ਅੰਦੋਲਨ ਕਰ ਰਹੇ ਹਨ ਕੇਂਦਰ ਦੀ ਮੋਦੀ ਸਰਕਾਰ ਟਾਲ ਮਟੋਲ ਦੀ ਨੀਤੀ ਨਾਲ਼ ਆਪਣੇ ਰਾਜ ਦਾ ਸਮਾਂ ਲੰਘਾ ਰਹੀਂ ਹੈ ਅੱਜ ਦੇ ਇਸ ਰੋਸ ਪ੍ਰਦਰਸ਼ਨ ਸਮੇਂ ਕਿਸਾਨ ਅੰਦੋਲਨ ਵਿਚ ਲੜ ਰਹੇ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਕਿਸਾਨਾਂ ਅਤੇ ਆਮ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਲੋਕਾਂ ਦੀ ਲੁੱਟ ਕਰਦੀ ਰਹੀ ਹੈ ਕਿਸਾਨਾਂ ਦੀ ਆਮਦਨ ਦੂੱਗਣੀ ਕਰਨ ਦੇ ਸਬਜ਼ਬਾਗ ਦਿਖਾ ਕੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਆਪਣੇ ਵਾਅਦਿਆਂ ਤੋਂ ਮੁੱਕਰ ਕੇ ਕਿਸਾਨ ਮਾਰੂ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਜਿਸ ਦੇ ਖਿਲਾਫ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਤਰਨ ਤਾਰਨ ਦੇ ਦਫ਼ਤਰ ਅੱਗੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦਾ ਰੋਸ ਪ੍ਰਦਰਸ਼ਨ ਅੱਜ ਤੀਸਰੇ ਦਿਨ ਵੀ ਜਾਰੀ ਰਿਹਾ ਅਤੇ ਤਰਨਤਾਰਨ ਜ਼ਿਲ੍ਹੇ ਦੇ ਤਿੰਨੇ ਟੋਲ ਪਲਾਜੇ ਵੀ ਅੱਜ ਤੀਸਰੇ ਦਿਨ ਵੀ ਫ੍ਰੀ ਕੀਤੇ ਗਏ । ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਦੀ ਭਾਜਪਾ ਦੀ ਸਰਕਾਰ ਕਿਸਾਨਾਂ ਨਾਲ ਕੀਤੇ ਲਿਖਤੀ ਵਾਧਿਆਂ ਨੂੰ ਪੂਰਾ ਕਰੇ ਕਿਸਾਨਾਂ ਦੀ ਅਹਿਮ ਮੰਗ ਕਿ ਕਿਸਾਨਾਂ ਦੀਆਂ ਤੇਈ ਫਸਲਾਂ ਤੇ ਸਵਾਮੀਨਾਥਨ ਦੇ ਫਾਰਮੂਲੇ 32+50 ਪ੍ਰਤੀਸ਼ਤ ਮੁਨਾਫ਼ੇ ਨਾਲ ਫਸਲਾਂ ਤੇ ਖ਼ਰੀਦ ਦੀ ਗਰੰਟੀ ਕਰੇ ਭੁਪਿੰਦਰ ਸਿੰਘ ਪੰਡੋਰੀ ਤਖ਼ਤ ਮੱਲ , ਜਸਵਿੰਦਰ ਸਿੰਘ ਕੱਦਗਿੱਲ , ਦਵਿੰਦਰ ਸੋਹਲ , ਗੁਰਪ੍ਰੀਤ ਸਿੰਘ ਗੰਡੀਵਿੰਡ , ਹਰਦੀਪ ਸਿੰਘ ਬੱਠੇਭੈਣੀ, ਅਮਰਜੀਤ ਸਿੰਘ ਭਿੱਖੀਵਿੰਡ, ਬਲਦੇਵ ਸਿੰਘ ਧੂੰਦਾ , ਰਾਜਬੀਰ ਸਿੰਘ, ਸੁਖਦੇਵ ਸਿੰਘ ਮਾਨੋਚਾਹਲ, ਹਰਦੀਪ ਸਿੰਘ ਜੌੜਾ , ਸਤਪਾਲ ਸਿੰਘ ਨੱਥੋਕੇ , ਤਰਸੇਮ ਸਿੰਘ ਪੰਡੋਰੀ, ਗੁਰਬੀਰ ਸਿੰਘ ਜਾਮਾਰਾਏ , ਕਸ਼ਮੀਰ ਸਿੰਘ ਠੱਠੀਆਂ, ਜਰਨੈਲ ਸਿੰਘ, ਮਨਪ੍ਰੀਤ ਸਿੰਘ ਜਗਰੂਪ ਸਿੰਘ, ਨਰਿੰਦਰ ਸਿੰਘ ਬੇਦੀ , ਨਰਭਿੰਦਰ ਸਿੰਘ ਆਦਿ ਆਗੂ ਵੀ ਸ਼ਾਮਲ ਹਨ



# ਟੋਯੋਟਾ ਇਨੋਵਾ ਹਾਈਕਰੋਸ ਨੇ 50,000 ਦੀ ਵਿਕਰੀ ਦਾ ਕਾਰਡ ਤਾਂਡਾ

**ਲੁਧਿਆਣਾ, 26 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਯੋਟਾ ਕਿਰਲੋਸਕਰ ਮੋਟਰ (ਟੀਕੇਐਮ) ਨੇ ਅੱਜ ਐਲਾਨ ਕੀਤਾ ਹੈ ਕਿ ਉਸਦਾ ਮਾਡਲ ਇਨੋਵਾ ਹਾਇਕਰੋਸ ਦੀ ਕੁਲ ਵਿਕਰੀ ਨਵੰਬਰ 2022 ਵਿੱਚ ਪੇਸ਼ ਕੀਤੇ ਜਾਣ ਤੋਂ ਬਾਅਦ 50,000 ਗਾੜੀਆਂ ਤੋਂ ਵੱਧ ਹੋ ਗਈ ਹੈ। ਨਵੀ ਟੋਯੋਟਾ ਗਲੋਬਲ ਆਰਕੀਟੈਕਚਰ (ਟੀਐਨਜੀਏ) 'ਤੇ ਆਧਾਰਿਤ ਵਿਲਾਪੂਰਨ ਇਨੋਵਾ ਹਾਈਕਰੋਸ ਤੁਹਾਡਾ ਗਲੈਮਰ ਕੋਟੈਂਟ, ਉੱਨਤ ਤਕਨੀਕ, ਸੁਰੱਖਿਆ ਦੇ ਨਾਲ ਆਰਾਮ ਅਤੇ ਡਰਾਈਵਿੰਗ ਰੋਮਾਂਚ ਲਈ ਇੱਕ ਵਾਹਨ ਹੈ। ਇਸ ਸਫਲਤਾ 'ਤੇ ਟਿੱਪਣੀਆਂ ਕੀਤੀਆਂ ਗਈਆਂ ਹਨ, ਟੋਯੋਟਾ ਕਿਰਲੋਸਕਰ ਮੋਟਰ ਕੇ ਵੀਪੀ ਸੇਲਸ ਐਂਡ ਮਾਰਕੀਟਿੰਗ, ਸ਼੍ਰੀ ਸਬਰੀ ਨੇ ਕਿਹਾ, ਸਾਨੂੰ ਮਨੋਰੰਜਕ ਕਿ ਲਾਂਚ ਕਰਨ ਤੋਂ ਬਾਅਦ ਚੌਦਹ ਮਹੀਨਿਆਂ ਦੀ ਛੋਟੀ ਮਿਆਦ ਦੇ ਅੰਦਰ ਇਨੋਵਾ ਹਾਇਕਰੌਸ ਨੇ 50,000 ਯੂਨੀਟ ਦੀ ਵਿਕਰੀ ਦਾ ਮੀਲ ਦਾ ਪੱਥਰ ਪ੍ਰਾਪਤ ਕੀਤਾ ਲਿਖਿਆ ਹੈ। ਅਸੀਂ ਇਸ ਉਤਪਾਦ 'ਤੇ ਤੁਹਾਡੇ ਗਾਹਕਾਂ ਦੁਆਰਾ ਦਿੱਤੇ ਗਏ ਪ੍ਰਤੀਕਰਮ ਅਤੇ ਵਿਸ਼ਵਾਸ ਲਈ ਬੇਨਤੀ ਕਰਦੇ ਹਾਂ। ਇਨੋਵਾ ਹਾਇਕਰੋਸ ਨੇ ਆਪਣਾ ਦਿਨ ਤੋਂ ਹੀ ਸਫਲਤਾਪੂਰਵਕ ਲਾਂਚ ਕੀਤਾ ਹੈ ਅਤੇ ਉਤਪਾਦ ਸਾਡੇ ਪ੍ਰਕਾਸ਼ਕ ਦਰਸ਼ਕਾਂ ਤੋਂ ਮਜ਼ਬੂਤ ਗਾਹਕ ਸਵੀਕ੍ਰਿਤੀ ਮਿਲੀ ਹੈ।




ਤੁਹਾਡੇ ਲਾਂਚ ਦੇ ਨਾਲ, ਇਨੋਵਾ ਹਾਈਕਰੋਸ ਨੇ ਐਮਯੂਵੀ ਸੇਗਮੈਂਟ ਵਿੱਚ ਆਰਾਮ, ਸੁਵਿਧਾ, ਪ੍ਰਦਰਸ਼ਨ ਅਤੇ ਸੁਰੱਖਿਆ ਦੇ ਵਿਚਾਰਾਂ ਵਿੱਚ ਇਨਕਲਾਬ ਲਿਆਦੀ ਹੈ। ਇਸ ਤੋਂ ਇਲਾਵਾ, ਇਨੋਵਾ ਬ੍ਰਾਂਡ ਦੀ ਪ੍ਰਤਿਸ਼ਠਿਤ ਵਿਰਾਸਤ ਨੂੰ ਅੱਗੇ ਵਧਾਉਣ ਲਈ ਸਾਨੂੰ ਇਨੋਵਾ ਹਾਇਕਰੋਸ 'ਤੇ ਮਾਣ ਹੈ। ਸਾਨੂੰ ਵਿਸ਼ਵਾਸ ਹੈ ਕਿ ਹਾਇਕਰੌਸ ਗਾਹਕਾਂ ਤੋਂ ਸੁਨੇਹ ਪ੍ਰਾਪਤ ਕਰਨਾ ਜਾਰੀ ਰੱਖੋ ਅਤੇ ਆਪਣੇ ਅਸਾਧਾਰਨ ਪ੍ਰਦਰਸ਼ਨ ਦੇ ਸੇਮਿਕਤਾ ਅਨੁਭਵ ਨੂੰ ਲਗਾਤਾਰ ਫਿਰ ਮਾਧਿਅਮ ਨਾਲ ਸਮਝੋ।

## ਅਮਰੀਕਾ-ਚੀਨ 'ਚ ਤਣਾਅ ਕਾਰਨ ਭਾਰਤੀ ਡ੍ਰੋਨ ਦੀ ਅਮਰੀਕੀ ਬਾਜਾਰ 'ਚ ਹੋਈ ਐਂਟਰੀ

ਵਾਸ਼ਿੰਗਟਨ 26 ਫਰਵਰੀ। ਭਾਰਤ ਦੀ ਡ੍ਰੋਨ ਬਣਾਉਣ ਵਾਲੀ ਕੰਪਨੀ ਆਇਡੀਆਫੋਰਜ ਨੇ ਅਮਰੀਕੀ ਬਾਜਾਰ 'ਚ ਐਂਟਰੀ ਕੀਤੀ ਹੈ। ਅਮਰੀਕਾ ਅਤੇ ਚੀਨ ਦੇ ਸਬੰਧਾਂ 'ਚ ਪਿਛਲੇ ਕੁਝ ਸਮੇਂ ਤੋਂ ਤਣਾਅ ਚੱਲ ਰਿਹਾ ਹੈ। ਇਸ ਕਾਰਨ ਅਮਰੀਕਾ ਚੀਨ 'ਚ ਬਣੇ ਡ੍ਰੋਨ ਨੂੰ ਖਰੀਦਣ ਤੋਂ ਪਰਹੇਜ ਕਰ ਰਿਹਾ ਹੈ। ਅਜਿਹੇ 'ਚ ਭਾਰਤੀ ਕੰਪਨੀਆਂ



ਲਈ ਚੰਗਾ ਮੌਕਾ ਹੈ। ਇਸ ਮਾਮਲੇ ਦ ਸਬੰਧ ਵਿਚ ਭਾਰਤ ਦੀ ਡ੍ਰੋਨ ਨਿਰਮਾਤਾ ਕੰਪਨੀ ਇਡੀਆਫੋਰਜ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਅੰਕਿਤ ਮਹਿਤਾ ਦਾ ਕਹਿਣਾ ਹੈ ਕਿ ਭਾਰਤ ਦੇ ਡ੍ਰੋਨ ਉਦਯੋਗ ਨੇ ਪਿਛਲੇ 10 ਸਾਲਾਂ 'ਚ ਵੱਡੀ ਛਾਲ ਮਾਰੀ ਹੈ ਅਤੇ ਕੋਵਿਡ-19 ਗਲੋਬਲ ਮਹਾਮਾਰੀ ਪਿੱਛੋਂ ਇਸ 'ਚ ਤੇਜੀ ਆਈ ਹੈ। ਭਾਰਤੀ ਡ੍ਰੋਨ ਉਦਯੋਗ ਨੇ ਭਾਰਤ ਸਰਕਾਰ ਦੇ ਅਨੁਕੂਲ ਪਰਿਵੇਸ਼ ਨਾਲ ਪਿਛਲੇ 10 ਸਾਲਾਂ 'ਚ ਵੱਡੀ ਛਾਲ ਮਾਰੀ ਹੈ। ਉਨ੍ਹਾਂ ਨੇ ਕਿਹਾ ਕਿ ਕੋਵਿਡ-19 ਗਲੋਬਲ ਮਹਾਮਾਰੀ ਪਿੱਛੋਂ ਇਸ ਖੇਤਰ 'ਚ ਤੇਜੀ ਆਈ ਹੈ। ਮਹਿਤਾ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਗਲੋਬਲ ਮਹਾਮਾਰੀ ਤੋਂ ਪਹਿਲਾਂ ਡ੍ਰੋਨ ਦੇ ਸਬੰਧ 'ਚ ਨਿਯਮ ਅਤੇ ਕਾਨੂੰਨ ਕਾਫੀ ਸਖਤ ਸਨ। ਇਸ ਤੋਂ ਪਹਿਲਾਂ ਉਹ ਵਰਤੋਂ ਅਤੇ ਤਾਇਨਾਤੀ ਦੇ ਮਾਮਲੇ 'ਚ ਬਹੁਤ ਵੱਧ ਲਚਕੀਲੇਪਨ ਦੀ ਇਜਾਜਤ ਨਹੀਂ ਦਿੰਦੇ ਸੀ। ਗਲੋਬਲ ਮਹਾਮਾਰੀ ਪਿੱਛੋਂ ਤਕਨਾਲੋਜੀ ਨੂੰ ਅਪਣਾਉਣ ਦਾ ਰਾਹ ਖੁੱਲ੍ਹਿਆ। ਹੁਣ ਲੋਕ ਜਿੰਨੀ ਸੰਭਵ ਹੋਵੇ ਵੱਧ ਤੋਂ ਵੱਧ ਡ੍ਰੋਨ ਦੀ ਵਰਤੋਂ ਕਰਨਾ ਚਾਹੁੰਦੇ ਹਨ।"

### ਭਿਆਨਕ ਹਾਦਸੇ ਨੇ ਮਿੰਟਾਂ 'ਚ ਉਜਾੜ ਕੇ ਰੱਖ ਦਿੱਤਾ ਪਰਿਵਾਰ

ਹਰਸ਼ਾ ਛੀਨਾ 26 ਫਰਵਰੀ। ਥਾਣਾ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਦਾਲਮ ਨਜਦੀਕ ਇਕ ਔਰਤ ਅਤੇ ਉਸ ਦੇ ਪੁੱਤ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵਿੱਦਿਆ ਕੌਰ ਪਤਨੀ ਬੀਰ ਸਿੰਘ ਵਾਸੀ ਗਗੋਮਾਲ ਜੋ ਕਿ ਆਪਣੇ ਪੁੱਤਰ ਜੈਮਲ ਸਿੰਘ ਅਤੇ ਢਾਈ ਸਾਲਾ ਬੱਚੇ ਅਨੂਪ ਸਿੰਘ ਨਾਲ ਅੱਡਾ ਕੁਕੜਾਂ ਵਾਲਾ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰ ਦਾ ਜਰੂਰੀ ਸਾਮਾਨ ਲੈਣ ਲਈ ਆਏ ਸਨ। ਇਸ ਦੌਰਾਨ ਜਦੋਂ ਉਹ ਸਾਮਾਨ ਲੈ ਕੇ ਆਪਣੇ ਪਿੰਡ ਗੱਗੋ ਮਾਹਲ ਨੂੰ ਵਾਪਸ ਜਾ ਰਹੇ ਸਨ ਤਾਂ ਪਿੰਡ ਦਾਲਮ ਨਜਦੀਕ ਪਿੱਛਿਓਂ ਆ ਰਹੀ ਇਨੋਵਾ ਕਾਰ ਨੇ ਅਚਨਚੇਤ ਮੋਟਰਸਾਈਕਲ ਨੂੰ ਟੱਕਰ ਮਾਰੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਵਿੱਦਿਆ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਜੈਮਲ ਸਿੰਘ ਅਤੇ ਅਨੂਪ ਸਿੰਘ ਨੂੰ ਅੰਮ੍ਰਿਤਸਰ ਹਸਪਤਾਲ 'ਚ ਦਾਖਲ ਕਰਵਾਇਆ ਗਿਆ

# 'ਰੰਗਲੇ ਪੰਜਾਬ' ਦੀਆਂ ਤਿਆਰੀਆਂ 'ਚ ਜੁਟਿਆ ਜਿਲ੍ਹਾ ਪ੍ਰਸ਼ਾਸਨ, ਲਾਪ੍ਰਵਾਹੀ ਨਹੀਂ ਹੋਵੇਗੀ ਬਰਦਾਸ਼ਤ

ਕਿਸ਼ਨ ਪਾਲ

ਅੰਮ੍ਰਿਤਸਰ 26 ਫਰਵਰੀ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ 23 ਤੋਂ 29 ਫਰਵਰੀ ਤੱਕ ਚੱਲਣ ਵਾਲੇ 'ਰੰਗਲੇ ਪੰਜਾਬ' ਮੇਲੇ ਦਾ ਉਦਘਾਟਨ 26 ਫਰਵਰੀ ਨੂੰ ਖਾਲਸਾ ਕਾਲਜ ਵਿਖੇ ਕਰਨਗੇ ਅਤੇ ਇਸ ਦਿਨ ਬਾਲੀਵੁੱਡ ਦੇ ਪ੍ਰਸਿੱਧ ਗਾਇਕ ਸੁਖਵਿੰਦਰ ਦਰਸਕਾਂ ਦੇ ਰੂਬਰੂ ਹੋਣਗੇ। ਇਸ ਦਿਨ ਤੋਂ ਹੀ ਸਹਿਰ ਦਾ ਹਰ ਕੋਨਾ ਮੇਲੇ ਦੇ ਜਸਨਾਂ ਵਿਚ ਰੰਗਿਆ ਜਾਵੇਗਾ, ਜੋ ਕਿ ਲਗਾਤਾਰ 7 ਦਿਨ ਚਲੇਗਾ। ਮੇਲੇ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸਨਰ ਘਣਸਾਮ ਥੋਰੀ ਵਲੋਂ ਖਾਲਸਾ ਕਾਲਜ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਕਿ ਤਿਆਰੀਆਂ ਵਿਚ ਕਿਸੇ ਤਰ੍ਹਾਂ ਦੀ ਕਮੀ ਨਾ ਰਹਿਣ ਦਿੱਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਡਿਊਟੀਆਂ ਪ੍ਰਤੀ ਜਿ਼ੰਮੇਵਾਰੀ ਢੰਗ ਨਾਲ ਕੰਮ ਕਰਨ ਤਾਂ ਜੋ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਮਾਗਮ ਦੀਆ ਤਿਆਰੀਆਂ ਵਿਚ ਕਿਸੇ ਵੀ ਅਧਿਕਾਰੀ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ 7 ਰੋਜਾ ਮੇਲੇ ਦੌਰਾਨ ਵੱਖ-ਵੱਖ ਸਮਾਗਮ ਵੱਖ-ਵੱਖ ਥਾਵਾਂ 'ਤੇ ਕਰਵਾਏ ਜਾ ਰਹੇ ਹਨ, ਜਿਸ ਦੀ ਸੁਰੂਆਤ 26 ਫਰਵਰੀ ਨੂੰ ਖਾਲਸਾ ਕਾਲਜ ਤੋਂ ਹੋਵੇਗੀ। ਇਸ ਦੌਰਾਨ 24 ਅਤੇ 26 ਫਰਵਰੀ ਨੂੰ ਪਾਰਟੀਸਨ ਮਿਊਜੀਅਮ ਵਿਖੇ ਸਵੇਰੇ 10.30 ਤੋਂ 12:30 ਵਜੇ ਤੱਕ ਲਿਟਰੈਚਰ ਫੈਸਟੀਵਲ, 26 ਫਰਵਰੀ ਨੂੰ ਸਾਮ 4 ਤੋਂ 6 ਵਜੇ ਤੱਕ ਰਣਜੀਤ ਐਵੇਨਿਊ ਗਰਾਊਂਡ ਅਤੇ 26 ਫਰਵਰੀ ਨੂੰ ਟਰੀਲੀਅਮ ਮਾਲ ਰਣਜੀਤ ਐਵੇਨਿਊ ਵਿਖੇ ਕਾਰਨੀਵਲ ਪਰੇਡ ਹੋਵੇਗੀ। ਇਸੇ ਤਰ੍ਹਾਂ 24 ਤੋਂ 29 ਫਰਵਰੀ ਤੱਕ ਸਵੇਰੇ 11



ਤੋਂ ਸਾਮ 5 ਵਜੇ ਤੱਕ ਟਾਊਨਹਾਲ ਹੈਰੀਟੇਜ ਸਟਰੀਟ ਵਿਖੇ ਸੇਵਾ ਸਟਰੀਟ ਨਾਮ ਦਾ ਇਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਬਲੱਡ ਡੋਨੇਸਨ ਕੈਂਪ ਤੋਂ ਇਲਾਵਾ ਲੋੜਵੰਦ ਲੋਕਾਂ ਦੀ ਸਹਾਇਤਾ ਵੀ ਕੀਤੀ ਜਾਵੇਗੀ ਅਤੇ ਇਸੇ ਤਰ੍ਹਾਂ ਹੀ 24 ਤੋਂ 29 ਫਰਵਰੀ ਤੱਕ ਸਵੇਰੇ 11 ਵਜੇ ਤੋਂ ਰਾਤ 10 ਵਜੇ ਤੱਕ ਰਣਜੀਤ ਐਵੇਨਿਊ ਦੁਸਹਿਰਾ ਗਰਾਊਂਡ ਵਿਖੇ ਫੂਡ ਸਟਰੀਟ ਅਤੇ ਸਾਪਿੰਗ ਫੈਸਟੀਵਲ ਤੋਂ ਇਲਾਵਾ ਸਾਮ 7 ਤੋਂ 8:30 ਵਜੇ ਤੱਕ ਸਮਰ ਪੈਲੇਸ ਕੰਪਨੀ ਬਾਗ ਵਿਖੇ ਡਿਜੀਟਲ ਫੈਸਟ ਅਤੇ ਇਸੇ ਤਰ੍ਹਾਂ ਹੀ 28 ਫਰਵਰੀ ਨੂੰ ਛੱਡ ਕੇ ਸਾਮ 7:00 ਵਜੇ ਤੋਂ ਰਣਜੀਤ ਐਵੇਨਿਊ ਦੁਸਹਿਰਾ ਗਰਾਊਂਡ ਵਿਖੇ ਇਕ ਰੰਗਾਰੰਗ ਪ੍ਰੋਗਰਾਮ, ਜਿਸ ਵਿਚ ਪ੍ਰਸਿੱਧ ਗਾਇਕ ਆਪਣੀ ਕਲਾ ਦਾ ਪ੍ਰਦਰਸਨ ਕਰਨਗੇ। ਡੀ. ਸੀ. ਥੋਰੀ ਨੇ ਦੱਸਿਆ ਕਿ ਇਸੇ ਤਰ੍ਹਾਂ 26 ਫਰਵਰੀ ਨੂੰ ਸਵੇਰੇ 7 ਤੋਂ 9 ਵਜੇ ਤੱਕ ਅਨੰਦ ਅੰਮ੍ਰਿਤ ਪਾਰਕ ਤੋਂ ਸਾਡਾ ਪਿੰਡ ਤੱਕ ਗ੍ਰੀਨਥਨ, 26 ਫਰਵਰੀ ਨੂੰ ਸਾਮ 7 ਤੋਂ ਕਿਲ੍ਹਾ ਗੋਬਿੰਦਗੜ੍ਹ ਵਿਖੇ ਪੰਜਾਬੀ ਫੋਕ ਨਾਈਟ ਅਤੇ 29 ਫਰਵਰੀ ਨੂੰ ਰਣਜੀਤ ਐਵੇਨਿਊ ਗਰਾਊਂਡ ਵਿਖੇ ਸਾਮੀ 6:30 ਵਜੇ ਇਸ ਦੇ ਸਮਾਪਤੀ ਸਮਾਗਮ ਹੋਣਗੇ। ਅੰਮ੍ਰਿਤਸਰ ਸ਼ਹਿਰ ਦੀ ਸਾਫ-ਸਫਾਈ ਦੇ ਨਾਲ-ਨਾਲ ਕਾਰਪੋਰੇਸ਼ਨ ਵੱਲੋਂ ਸ਼ਹਿਰ ਦੀਆਂ ਕੰਧਾਂ 'ਤੇ ਪੰਜਾਬੀ ਵਿਰਸੇ ਦੀ ਚਿੱਤਰਕਾਰੀ ਵੱਡੇ ਪੱਧਰ 'ਤੇ ਕਰਵਾਈ ਜਾ ਰਹੀ ਹੈ, ਜਿਸ ਵਿਚ ਪੰਜਾਬੀ ਬੋਲੀਆਂ ਨੂੰ ਵੀ ਚੰਗੀ ਥਾਂ ਦਿੱਤੀ ਜਾ ਰਹੀ ਹੈ। 'ਰੰਗਲੇ ਪੰਜਾਬ' ਲਈ ਕਰਵਾਈ ਜਾ ਰਹੀ ਚਿੱਤਰਕਲਾ ਬਾਰੇ ਕਮਿਸ਼ਨਰ ਕਾਰਪੋਰੇਸ਼ਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਲੀਕੇ ਮੇਲੇ ਨੂੰ ਕਾਮਯਾਬ ਕਰਨ ਲਈ ਕਾਰਪੋਰੇਸ਼ਨ ਅਧਿਕਾਰੀ ਲਗਾਤਾਰ ਸਰਗਰਮ ਹਨ। ਉਨ੍ਹਾਂ ਕਿਹਾ ਕਿ ਕੰਧ ਚਿੱਤਰ ਵੀ ਪੰਜਾਬੀ ਵਿਰਸੇ ਦੀ ਪੁਰਤਾਨ ਕਲਾ ਹੈ, ਪੁਰਾਣੇ ਪੰਜਾਬ ਵਿਚ ਜਦੋਂ ਵੀ ਘਰ ਵਿਚ ਵਿਆਹ ਜਾਂ ਕੋਈ ਹੋਰ ਖੁਸ਼ੀ ਦਾ ਸਮਾਗਮ ਹੁੰਦਾ ਸੀ ਤਾਂ ਘਰਾਂ ਦੀਆਂ ਕੰਧਾਂ ਨੂੰ ਵੰਨ੍ਹ-ਸੁਵੰਨੇ ਚਿੱਤਰਾਂ ਨਾਲ ਸਜਾਇਆ ਜਾਂਦਾ ਸੀ ਅਤੇ ਇਸੇ ਰਵਾਇਤ ਨੂੰ ਅਸੀਂ ਹੁਣ ਦੀਆਂ ਪੀੜ੍ਹੀਆਂ ਨਾਲ ਸਾਂਝਾ ਕੀਤਾ ਹੈ। ਨਿਗਮ ਦੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਜਿਨ੍ਹਾਂ ਦੀ ਅਗਵਾਈ ਹੇਠ ਇਹ ਕੰਧ ਚਿੱਤਰ ਉਕਰਨ ਵਾਲੀ ਟੀਮ ਕੰਮ ਕਰ ਰਹੀ ਹੈ, ਨੇ ਦੱਸਿਆ ਕਿ ਅਸੀਂ ਇਸ ਕਲਾ ਵਿਚ ਪੰਜਾਬੀ ਵਿਰਸੇ ਦੇ ਨਾਲ-ਨਾਲ ਪੰਜਾਬੀ ਸਾਜਾਂ, ਪੰਜਾਬੀ ਬੋਲੀਆਂ, ਫੁੱਲਾਂ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਦੇ ਹੋਰ ਅੰਗਾਂ ਨੂੰ ਛੂਹਿਆ ਹੈ। ਇਸ ਲਈ ਅਸੀਂ ਪੇਸ਼ੇਵਰ ਕਲਾਕਾਰਾਂ ਦੀਆਂ ਸੇਵਾਵਾਂ ਲਈਆਂ ਹਨ, ਜੋ ਕਿ ਦਿਨ-ਰਾਤ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਤੌਰ 'ਤੇ ਇਸ ਚਿੱਤਰ ਕਲਾਂ ਲਈ ਸਰਕਾਰੀ ਇਮਾਰਤਾਂ ਦੀਆਂ ਸੜਕ ਨਾਲ ਲੱਗਦੀਆਂ ਕੰਧਾਂ ਨੂੰ ਚੁਣਿਆ ਗਿਆ ਹੈ ਅਤੇ ਇਸ ਨੂੰ ਪੰਜਾਬੀ ਰੰਗਾਂ ਵਿਚ ਰੰਗਿਆ ਜਾ ਰਿਹਾ ਹੈ।

## ਸਰਕਾਰੀ ਅਧਿਆਪਕ ਨੇ ਖੁਦਕੁਸ਼ੀ ਕਰ ਕੀਤੀ ਜੀਵਨ ਲੀਲਾ ਸਮਾਪਤ, ਡੇਢ ਸਾਲ ਪਹਿਲਾਂ ਹੋਇਆ ਸੀ ਵਿਆਹ

ਗੁਰਦਾਸਪੁਰ 26 ਫਰਵਰੀ। ਬਟਾਲਾ ਦੇ ਫਤਿਹਗੜ ਚੂੜੀਆਂ ਵਿਖੇ ਸਟੇਸ਼ਨ ਰੋਡ ਤਲਾਬਵਾਲਾ ਮੰਦਰ ਸਾਹਮਣੇ ਇੱਕ ਗਲੀ 'ਚ ਚਾਰ ਸਰਕਾਰੀ ਅਧਿਆਪਕ ਕਰਾਏ ਦੇ ਮਕਾਨ 'ਚ ਰਹਿ ਰਹੇ ਸਨ, ਜਿੰਨਾਂ 'ਚੋਂ ਇੱਕ ਅਧਿਆਪਕ ਜੋ ਬੰਠਿਡੇ ਦਾ ਰਹਿਣ ਵਾਲਾ ਸੀ ਉਸ ਵਲੋਂ ਖੁਦਕੁਸ਼ੀ ਕਰਕੇ ਜੀਵਨ ਲੀਲਾ ਖਤਮ ਕਰਨ ਦੀ ਖਬਰ ਸਾਹਮਣੇ ਆਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਫਤਿਹਗੜ ਚੂੜੀਆਂ ਦੇ ਐੱਸ. ਐੱਚ. ਓ. ਮੈਡਮ ਰਾਜਬੀਰ ਕੌਰ ਪੁਲਸ ਪਾਰਟੀ ਨਾਲ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਨਾਲ ਰਹਿੰਦੇ ਅਧਿਆਪਕਾਂ ਹਰਜਿੰਦਰ ਸਿੰਘ ਅਤੇ ਜਸਪਾਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਹਰ ਰੋਜ ਦੀ ਤਰ੍ਹਾਂ ਸਵੇਰੇ ਤਿੰਨੇ ਜਾਣੇ ਆਪਣੇ ਸਰਕਾਰੀ ਸਕੂਲ ਮਾਕੋਵਾਲ ਚਲੇ ਗਏ ਸਨ, ਜਦ ਕਿ ਮ੍ਰਿਤਕ ਅਧਿਆਪਕ ਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਪਣੇ ਸਕੂਲ ਪਿੰਡ ਪੰਧੇਰ ਕਲਾਂ ਬਾਅਦ ਵਿਚ ਜਾਵੇਗਾ, ਤੁਸੀਂ ਚਲੇ ਜਾਓ। ਜਦ ਉਹ ਵਾਪਸ ਆਏ ਤਾਂ ਉਨ੍ਹਾਂ ਦੇਖਿਆ ਕੇ ਉਨ੍ਹਾਂ ਦੇ ਸਾਥੀ ਆਧਿਆਪਕ ਜੋ ਸਕੂਲ ਨਹੀਂ ਸੀ ਗਿਆ ਉਹ ਪੱਖੇ ਨਾਲ ਲੱਟਕਿਆ ਸੀ, ਜਿਸ ਦੀ ਸੂਚਨਾ ਉਨ੍ਹਾਂ ਵੱਲੋਂ ਪੁਲਸ ਅਤੇ ਪਰਿਵਾਰ ਵਾਲਿਆਂ ਨੂੰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਨੂੰ ਤਿੰਨ ਦਿਨ ਬਾਅਦ ਇੱਕਠੀਆਂ ਹੀ ਤਿੰਨ ਖੁਸ਼ੀਆਂ ਮਿਲਨ ਵਾਲੀਆਂ ਸਨ, ਜਿੰਨਾਂ 'ਚ ਪਹਿਲੀ ਕਿ ਤਿੰਨ ਦਿਨ ਬਾਅਦ ਉਸ ਦਾ ਅਤੇ ਉਸ ਦੀ ਪਤਨੀ ਜੋ ਸਰਕਾਰੀ ਅਧਿਆਪਕ ਹੈ ਦੋਵਾਂ ਦਾ ਨੌਕਰੀ ਦਾ ਪ੍ਰੋਵੇਸ਼ਨਲ ਪੀਅਰਡ ਖਤਮ ਹੋਣ ਜਾ ਰਿਹਾ ਸੀ, ਅਤੇ ਦੋਵੇਂ ਹੀ ਪੱਕੇ ਅਧਿਆਪਕ ਬਣਨ ਜਾ ਰਹੇ ਸਨ। ਇਸ ਤੋਂ ਇਲਾਵਾ ਦੋਵਾਂ ਦਾ ਡੇਢ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ ਤਿੰਨ ਦਿਨ ਬਾਅਦ ਹੀ ਮ੍ਰਿਤਕ ਬਣਨ ਜਾ ਰਿਹਾ ਸੀ ਪਰ ਇਸ ਸੂਚਨਾ ਤੋਂ ਬਾਅਦ ਸੋਗ ਦੀ ਲਹਿਰ ਫੈਲ ਗਈ। ਇਸ ਸਬੰਧੀ ਐੱਸ. ਐੱਚ. ਓ. ਨੇ ਕਿਹਾ ਕਿ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੇ ਹਨ।

## ਇਸ ਦਹਾਕੇ ਦੇ ਅੰਤ ਤੱਕ 10 ਲੱਖ ਕਰੋੜ ਡਾਲਰ ਦੀ ਹੋਵੇਗੀ ਭਾਰਤ ਦੀ ਮਾਰਕੀਟ ਕੈਪ

ਏਜੰਸੀਆਂ

ਬਿਜਨਸ ਡੈਸਕ 26 ਫਰਵਰੀ। ਜੈਫਰੀਜ ਦੇ ਵਿਸਲੇਸਕ ਕ੍ਰਿਸਟੋਫਰ ਵੁੱਡ ਦਾ ਮੰਨਣਾ ਹੈ ਕਿ ਭਾਰਤ ਇਸ ਦਹਾਕੇ ਦੇ ਅੰਤ ਤੱਕ ਲਗਭਗ 10 ਲੱਖ ਕਰੋੜ ਡਾਲਰ ਦਾ ਮਾਰਕੀਟ ਕੈਪ ਹਾਸਲ ਕਰ ਲਵੇਗਾ, ਜੋ ਮੌਜੂਦਾ ਸਮੇਂ ਦੇ 4.3 ਲੱਖ ਕਰੋੜ ਡਾਲਰ ਦੀ ਤੁਲਨਾ ਵਿਚ ਕਰੀਬ 132 ਫੀਸਦੀ ਜਿ਼ਆਦਾ ਹੋਵੇਗਾ। ਉਸ ਦਾ ਮੰਨਣਾ ਹੈ ਕਿ ਭਾਰਤੀ ਬਾਜਾਰ 'ਚ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਇਸ ਨੇ ਹਾਲ ਹੀ 'ਚ ਵੱਡੀ ਤੇਜੀ ਦਰਜ ਕੀਤੀ ਹੈ। ਜੇਫਰੀਜ ਵਿਚ ਇਕੁਇਟੀ ਰਣਨੀਤੀ ਦੇ ਗਲੋਬਲ ਮੁੱਖੀ ਕ੍ਰਿਸਟੋਫਰ ਵੁੱਡ ਨੇ ਨਿਵੇਸ਼ਕਾਂ ਨੂੰ ਭੇਜੀ ਆਪਣੀ ਤਾਜਾ ਰਿਪੋਰਟ ਗ੍ਰੀਡ ਐਂਡ ਫਿਅਰ ਵਿਚ ਲਿਖਿਆ ਹੈ ਕਿ ਖਾਸ ਤੌਰ 'ਤੇ ਮਿਡ-ਕੈਪ ਦੇ ਨਜਰੀਏ ਤੋਂ ਬਾਜਾਰ ਮਹਿੰਗਾ ਵਿਖਾਈ ਦੇ ਰਿਹਾ ਹੈ। ਨਿਫਟੀ ਮਿਡਕੈਪ 100 ਸੂਚਕਾਂਕ ਹੁਣ ਇੱਕ ਸਾਲ ਦੀ ਅੱਗੇ ਦੀ ਕਮਾਈ ਦੇ 25.9 ਗੁਣਾ 'ਤੇ ਵਪਾਰ ਕਰ ਰਿਹਾ ਹੈ, ਜਦੋਂ ਕਿ ਨਿਫਟੀ ਲਈ ਕਮਾਈ ਦਾ ਗੁਣਕ 20.2 ਗੁਣਾ ਹੈ। ਫਿਰ ਵੀ ਇਹਨਾਂ ਮੁਲਾਂਕਣਾਂ ਨੂੰ ਵਿਕਾਸ ਦੇ ਦ੍ਰਿਸਟੀਕੋਣ ਤੋਂ ਦੇਖਿਆ ਜਾਣਾ ਚਾਹੀਦਾ ਹੈ, ਜਿਸ ਨੂੰ ਪੂੰਜੀ ਖਰਚੇ ਦੇ ਚੱਕਰ ਦੇ ਵਧਣ ਨਾਲ-ਨਾਲ ਸਰਕਾਰ ਦੁਆਰਾ ਫੰਡ ਕੀਤੇ ਪੂੰਜੀ ਖਰਚਿਆਂ ਦੁਆਰਾ ਗਤੀ ਮਿਲੇਗੀ। ਦਲਾਲ ਪਥ 'ਤੇ ਮਿਡਕੈਪ ਅਤੇ ਸਮਾਲਕੈਪ ਸੂਚਕਾਂਕ ਨੇ ਕੈਲੰਡਰ ਸਾਲ 2023 ਵਿੱਚ ਸ਼ਾਨਦਾਰ ਤੇਜੀ ਦਰਜ ਕੀਤੀ ਸੀ। ਏਸੀਈ ਇਕੁਇਟੀ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਨਿਫਟੀ ਸਮਾਲਕੈਪ 250 ਇੰਡੈਕਸ



48.1 ਫੀਸਦੀ ਵਧਿਆ ਹੈ, ਜਦੋਂ ਕਿ ਨਿਫਟੀ ਮਿਡਕੈਪ 150 ਇੰਡੈਕਸ 43.7 ਫੀਸਦੀ ਅਤੇ ਨਿਫਟੀ-50 ਇੰਡੈਕਸ 20 ਫੀਸਦੀ ਵਧਿਆ ਹੈ। ਵੁੱਡ ਵਾਂਗ, ਹੋਰ ਵਿਸਲੇਸਕ ਵੀ ਹੁਣ ਮਿਡਕੈਪ ਅਤੇ ਸਮਾਲਕੈਪ ਸੈਗਮੈਂਟਾਂ 'ਤੇ ਸਾਵਧਾਨੀ ਵਰਤ ਰਹੇ ਹਨ। ਵੁੱਡ ਦਾ ਮੰਨਣਾ ਹੈ ਕਿ ਲੰਬੇ ਸਮੇਂ ਦੇ ਦ੍ਰਿਸਟੀਕੋਣ ਤੋਂ 2028 ਤੱਕ ਵਿਸਵ ਦੇ ਅਸਲ ਜੀਡੀਪੀ ਵਿਕਾਸ ਵਿੱਚ ਭਾਰਤ ਦਾ ਯੋਗਦਾਨ 7.7 ਫੀਸਦੀ ਤੱਕ ਪਹੁੰਚ ਜਾਵੇਗਾ। ਨੇ ਅਗਲੇ ਪੰਜ ਸਾਲਾਂ ਵਿੱਚ ਭਾਰਤ ਵਿੱਚ 6.3 ਫੀਸਦੀ ਦੀ ਔਸਤ ਅਸਲ ਵਿਕਾਸ ਦਰ ਦਾ ਅਨੁਮਾਨ ਲਗਾਇਆ ਹੈ। ਉਸਦਾ ਮੰਨਣਾ ਹੈ ਕਿ 10 ਸਾਲਾਂ ਦੇ ਦ੍ਰਿਸਟੀਕੋਣ ਤੋਂ ਭਾਰਤ ਇਕੁਇਟੀ ਦੇ ਮਾਮਲੇ ਵਿੱਚ ਵਿਸਵ ਵਿੱਚ ਇੱਕ ਮਹਾਨ ਸਥਿਤੀ ਵਿੱਚ ਹੋਵੇਗਾ। ਆਪਣੇ ਏਸੀਆ ਦੇ ਸਾਬਕਾ-ਜਾਪਾਨ ਲੌਂਗ-ਓਨਲੀ ਇਕੁਇਟੀ ਪੋਰਟਫੋਲੀਓ ਵਿੱਚ ਵੁੱਡ ਨੇ ਅਤੇ ਬੈਂਕ ਵਿੱਚ ਹਿੱਸੇਦਾਰੀ ਇੱਕ-ਇੱਕ ਪ੍ਰਤੀਸਤ ਪੁਆਇੰਟ ਘਟਾ ਦਿੱਤੀ ਹੈ, ਜਦੋਂ ਕਿ ਵਿੱਚ ਉਸੇ ਰਕਮ ਨਾਲ ਹਿੱਸੇਦਾਰੀ ਵਧਾ ਦਿੱਤੀ ਹੈ।

## ਸ਼ੋਭਾ ਯਾਤਰਾ ਦੌਰਾਨ ਸੁਸ਼ੀਲ ਰਿੰਕੂ ਨੇ ਗੁਰੂ ਜੀ ਦੀ ਸਿੱਖਿਆਵਾਂ 'ਤੇ ਚੱਲਣ ਦਾ ਦਿੱਤਾ ਸੱਦਾ

ਏਜੰਸੀਆਂ

ਜਲੰਧਰ 26 ਫਰਵਰੀ। ਸ੍ਰੀ ਗੁਰੂ ਰਵਿਦਾਸ ਜੀ ਦੇ 26 ਫਰਵਰੀ ਨੂੰ ਮਨਾਏ ਜਾ ਰਹੇ 647ਵੇਂ ਪ੍ਰਕਾਸ਼ ਪੁਰਬ ਸਬੰਧੀ ਸ਼ਹਿਰ ਵਿੱਚ ਸਜਾਈ ਗਈ ਵਿਸਾਲ ਸ਼ੋਭਾ ਯਾਤਰਾ ਵਿੱਚ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ ਅਤੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸ਼ਿਰਕਤ ਕਰਦਿਆਂ ਲੋਕਾਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਲੋਕ ਸਭਾ ਮੈਂਬਰ ਨੇ ਸ਼ਰਧਾਲੂਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸੰਸਾਰ ਨੂੰ ਸਮੁੱਚੀ ਲੋਕਾਈ ਦੇ ਭਲੇ ਦਾ ਮਾਰਗ ਵਿਖਾਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀ ਬਾਣੀ ਅੱਜ ਵੀ ਸਾਡਾ ਰਾਹ ਰੁਸ਼ਨਾਉਂਦੀ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਸਾਨੂੰ ਸਮਾਜ ਦੀ ਭਲਾਈ ਅਤੇ ਹਰ ਵਰਗ ਨੂੰ ਨਾਲ ਲੈ ਕੇ ਚੱਲਦਿਆਂ ਸੂਬੇ ਅਤੇ ਦੇਸ਼ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਲਿਜਾਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸੰਸਦ ਮੈਂਬਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਪਵਿੱਤਰ ਬਾਣੀ ਸਮੁੱਚੀ ਮਨੁੱਖਤਾ ਲਈ ਚਾਨਣ



ਮੁਨਾਰਾ ਹੈ ਅਤੇ ਉਨ੍ਹਾਂ ਦੇ ਉਪਦੇਸ਼ਾਂ ਤੋਂ ਮਾਰਗ ਦਰਸ਼ਨ ਲੈਂਦਿਆਂ ਪੰਜਾਬ ਸਰਕਾਰ ਵੱਲੋਂ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਵਿਧਾਇਕ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅੱਜ ਦੇ ਸਮੇਂ ਵਿੱਚ ਵੀ ਪੂਰੀ ਤਰ੍ਹਾਂ ਸਾਰਥਕ ਹਨ। ਉਨ੍ਹਾਂ ਹਰੇਕ ਨੂੰ ਗੁਰੂ ਜੀ ਵੱਲੋਂ ਦਿੱਤੇ ਆਪਸੀ ਪਿਆਰ, ਦਇਆ ਅਤੇ ਬਰਾਬਰੀ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਫਲਸਫਾ ਸਾਨੂੰ ਬਰਾਬਰੀ ਵਾਲੇ ਆਦਰਸ਼ ਸਮਾਜ ਦੀ ਸਿਰਜਣਾ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਸਮਾਗਮ ਲੋਕਾਂ ਨੂੰ ਜਾਤ-ਪਾਤ, ਰੰਗ, ਨਸਲ, ਧਰਮ ਦੇ ਭੇਦਭਾਵ ਤੋਂ ਉਪਰ ਉੱਠ ਕੇ ਮਨਾਉਣੇ ਚਾਹੀਦੇ ਹਨ। ਉਨਾਂ ਇਹ ਵੀ ਦੱਸਿਆ ਕਿ ਜਿ਼ਲ੍ਹਾ ਪ੍ਰਸਾਸਨ ਵੱਲੋਂ ਸੋਭਾ ਯਾਤਰਾ ਵਿੱਚ ਸੰਗਤ ਲਈ ਸੁਰੱਖਿਆ, ਆਵਾਜਾਈ, ਪੀਣ ਵਾਲੇ ਪਾਣੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਸੰਗਤ ਵੱਧ ਚੜਕੇ ਸੋਭਾ ਯਾਤਰਾ ਵਿੱਚ ਭਾਗ ਲੈ ਸਕੇ। ਇਸ ਮੌਕੇ ਪੰਜਾਬ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਡੀ ਸੀ ਪੀ ਅੰਕੁਰ ਗੁਪਤਾ ਵੀ ਮੌਜੂਦ ਸਨ।

## ਮੌਜੂਦਾ ਵਿੱਤੀ ਸਾਲ 'ਚ 12,000 ਕਿਲੋਮੀਟਰ ਤੋਂ 13,000 ਕਿਲੋਮੀਟਰ ਹਾਈਵੇਅ ਬਣਾਉਣ ਦੀ ਉਮੀਦ

ਏਜੰਸੀਆਂ

ਨਵੀਂ ਦਿੱਲੀ 26 ਫਰਵਰੀ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲਾ ਵਿੱਤੀ ਸਾਲ 2023-24 ਵਿੱਚ



12,000 ਕਿਲੋਮੀਟਰ ਤੋਂ 13,000 ਕਿਲੋਮੀਟਰ ਤੱਕ ਰਾਸਟਰੀ ਰਾਜਮਾਰਗਾਂ ਦੇ ਨਿਰਮਾਣ ਦੀ ਉਮੀਦ ਕਰਦਾ ਹੈ। ਜਦੋਂ ਕਿ ਟੀਚਾ 13,813 ਕਿਲੋਮੀਟਰ ਹੈ। ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ ਹੈ। ਮੰਤਰਾਲੇ ਨੇ ਵਿੱਤੀ ਸਾਲ 2019-20 ਵਿੱਚ 10,237 ਕਿਲੋਮੀਟਰ, 2020-21 ਵਿੱਚ 13,327 ਕਿਲੋਮੀਟਰ, 2021-22 ਵਿੱਚ 10,457 ਕਿਲੋਮੀਟਰ ਅਤੇ 2022-23 ਵਿੱਚ 10,331 ਕਿਲੋਮੀਟਰ ਰਾਸਟਰੀ ਰਾਜਮਾਰਗਾਂ ਦਾ ਨਿਰਮਾਣ ਕੀਤਾ। ਮੰਤਰਾਲੇ ਨੇ ਜਨਵਰੀ, 2024 ਦੇ ਅੰਤ ਤੱਕ 7,685 ਕਿਲੋਮੀਟਰ ਰਾਸਟਰੀ ਰਾਜਮਾਰਗਾਂ ਦਾ ਨਿਰਮਾਣ ਪੂਰਾ ਕਰ ਲਿਆ ਹੈ। ਸੜਕ ਟਰਾਂਸਪੋਰਟ ਅਤੇ ਹਾਈਵੇਜ ਸਕੱਤਰ ਅਨੁਰਾਗ ਜੈਨ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਬਾਕੀ ਰਹਿੰਦੇ ਦੋ ਮਹੀਨਿਆਂ ਵਿੱਚ 4,500-5,000 ਕਿਲੋਮੀਟਰ ਦੀ ਉਮੀਦ ਕਰਦੇ ਹਾਂ, ਜੋ ਮੌਜੂਦਾ ਵਿੱਤੀ ਸਾਲ ਵਿੱਚ 12,000-13,000 ਕਿਲੋਮੀਟਰ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰੇਗਾ। ਇਹ ਦੂਜੀ ਸਭ ਤੋਂ ਵਧੀਆ ਪ੍ਰਾਪਤੀ ਹੋਵੇਗੀ।" ਜੈਨ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਵਿੱਚ ਹਾਲਾਂਕਿ ਹੁਣ ਤੱਕ ਸਭ ਤੋਂ ਵੱਧ ਚਾਰ ਮਾਰਗੀ ਸੜਕਾਂ ਬਣਾਈਆਂ ਜਾਣਗੀਆਂ। ਮੌਜੂਦਾ ਵਿੱਤੀ ਸਾਲ ਵਿੱਚ 9,500 ਕਿਲੋਮੀਟਰ ਦੀ ਸਮਰੱਥਾ ਦੇ ਵਾਧੇ ਦੇ ਨਾਲ ਹੁਣ ਤੱਕ ਦੇ ਸਭ ਤੋਂ ਵੱਧ ਸਪੀਡ ਜਾਂ ਐਕਸੈਸ ਕੰਟਰੋਲਡ ਹਾਈਵੇਅ ਬਣਾਏ ਜਾਣਗੇ, ਜੋ ਕਿ ਇੱਕ ਰਿਕਾਰਡ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਮੰਤਰਾਲਾ ਮਾਰਚ ਦੇ ਅੰਤ ਤੱਕ 10,000 ਕਰੋੜ ਰੁਪਏ ਦੇ ਹਾਈਵੇ ਪ੍ਰਾਜੈਕਟਾਂ ਨੂੰ ਅਲਾਟ ਕਰਨ ਦਾ ਵੀ ਭਰੋਸਾ ਰੱਖਦਾ ਹੈ। ਸਰਕਾਰੀ ਅੰਕੜਿਆਂ ਦੇ ਅਨੁਸਾਰ ਰਾਸਟਰੀ ਰਾਜਮਾਰਗ ਨੈਟਵਰਕ 2014 ਵਿੱਚ 91,287 ਕਿਲੋਮੀਟਰ ਤੋਂ 60 ਫੀਸਦੀ ਵਧ ਕੇ 2023 ਵਿੱਚ 1,46,145 ਕਿਲੋਮੀਟਰ ਹੋ ਜਾਣ ਦੀ ਉਮੀਦ ਹੈ। ਸਕੱਤਰ ਨੇ ਕਿਹਾ ਕਿ ਚਾਰ ਮਾਰਗੀ ਅਤੇ ਇਸ ਤੋਂ ਵੱਧ ਵਾਲੇ ਰਾਸਟਰੀ ਰਾਜਮਾਰਗਾਂ ਦੀ ਲੰਬਾਈ 2014 ਦੇ 18,387 ਕਿਲੋਮੀਟਰ ਤੋਂ 2.5 ਗੁਣਾ ਵਧ ਕੇ ਨਵੰਬਰ 2023 ਵਿੱਚ 46,179 ਕਿਲੋਮੀਟਰ ਹੋ ਗਈ।

## ਪਰਿਵਾਰਾਂ ਦਾ ਮਹੀਨਾਵਾਰ ਖਰਚਾ ਵਧ ਕੇ ਹੋਇਆ ਦੁੱਗਣਾ ਤੋਂ ਜਿਆਦਾ, ਸਰਵੇਖਣ 'ਚ ਸਾਹਮਣੇ ਆਏ ਅੰਕੜੇ

ਨਵੀਂ ਦਿੱਲੀ 26 ਫਰਵਰੀ। ਆਮ ਜਨਤਾ 'ਤੇ ਮਹਿੰਗਾਈ ਦਾ ਬੋਝ ਕਿਵੇਂ ਵਧਿਆ ਹੈ, ਇਸ ਦੀ ਜਾਣਕਾਰੀ ਨੈਸਨਲ ਸੈਂਪਲ ਸਰਵੇ ਆਫਿਸ (ਐੱਨ. ਐੱਸ. ਐੱਸ. ਓ.) ਦੀ ਤਾਜਾ ਸਰਵੇਖਣ ਰਿਪੋਰਟ ਤੋਂ ਮਿਲੀ ਹੈ। ਰਿਪੋਰਟ ਅਨੁਸਾਰ, 2011-12 ਦੇ ਮੁਕਾਬਲੇ 2022-23 ਵਿੱਚ ਦੇਸ ਵਿੱਚ ਪਰਿਵਾਰਾਂ ਦਾ ਪ੍ਰਤੀ ਵਿਅਕਤੀ ਮਹੀਨਾਵਾਰ ਘਰੇਲੂ ਖਰਚਾ ਦੁੱਗਣਾ ਹੋ ਗਿਆ ਹੈ। ਸਨੀਵਾਰ ਨੂੰ ਜਾਰੀ ਇੱਕ ਅਧਿਕਾਰਤ ਬਿਆਨ ਅਨੁਸਾਰ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਅਧੀਨ ਨੇ ਅਗਸਤ, 2022 ਤੋਂ ਜੁਲਾਈ, 2023 ਦੇ ਦੌਰਾਨ ਘਰਾਂ ਦੇ ਖਪਤ ਖਰਚਿਆਂ ਦਾ ਸਰਵੇਖਣ ਜਾਰੀ ਕੀਤਾ ਹੈ। ਇਸ ਸਰਵੇਖਣ ਦਾ ਉਦੇਸ ਦੇਸ ਦੇ ਪੇਂਡੂ ਅਤੇ ਸਹਿਰੀ ਖੇਤਰਾਂ, ਰਾਜਾਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਅਤੇ ਵੱਖ-ਵੱਖ ਸਮਾਜਿਕ-ਆਰਥਿਕ ਸਮੂਹਾਂ ਲਈ ਮਹੀਨਾਵਾਰ ਪ੍ਰਤੀ ਵਿਅਕਤੀ ਖਪਤ ਖਰਚੇ ਅਤੇ ਇਸਦੀ ਵੰਡ ਦੇ ਵੱਖਰੇ ਅਨੁਮਾਨ ਤਿਆਰ ਕਰਨਾ ਹੈ। ਸਰਵੇਖਣ ਅਨੁਸਾਰ, ਮੌਜੂਦਾ ਕੀਮਤਾਂ 'ਤੇ ਸਹਿਰੀ ਖੇਤਰਾਂ ਵਿੱਚ ਔਸਤ (ਵਿਕਲਪਕ ਡੇਟਾ ਤੋਂ ਬਿਨਾਂ) 2011-12 ਦੇ 2,630 ਰੁਪਏ ਤੋਂ 2022-23 ਵਿੱਚ ਦੁੱਗਣੇ ਤੋਂ ਵੱਧ ਹੋ ਕੇ 6,459 ਰੁਪਏ ਤੱਕ ਹੋ ਗਿਆ ਹੈ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਇਹ 1,430 ਰੁਪਏ ਤੋਂ ਵਧ ਕੇ 3,773 ਰੁਪਏ ਹੋ ਗਿਆ ਹੈ। ਅਧਿਐਨ ਅਨੁਸਾਰ 2011-12 ਦੀਆਂ ਕੀਮਤਾਂ ਸਹਿਰੀ ਖੇਤਰਾਂ ਵਿੱਚ ਔਸਤ (ਬਿਨਾਂ ਵਿਕਲਪਿਕ ਅੰਕੜਿਆਂ ਤੋਂ ਬਿਨਾਂ) 2011-12 ਵਿੱਚ 2,630 ਰੁਪਏ ਤੋਂ ਵਧ ਕੇ 2022-23 ਵਿੱਚ 3,510 ਰੁਪਏ ਹੋ ਗਿਆ ਹੈ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਇਹ 1,430 ਰੁਪਏ ਤੋਂ ਵਧ ਕੇ 2,008 ਰੁਪਏ ਹੋ ਗਿਆ ਹੈ। ਇਸ ਪਤਾ ਲਗਦਾ ਹੈ ਕਿ ਸਹਿਰੀ ਖੇਤਰਾਂ (ਵਿਕਲਪਕ ਡੇਟਾ ਦੇ ਨਾਲ) ਵਿੱਚ ਮੌਜੂਦਾ ਕੀਮਤਾਂ 'ਤੇ ਔਸਤ ਵੀ 2011-12 ਵਿੱਚ 2,630 ਰੁਪਏ ਤੋਂ ਵਧ ਕੇ 2022-23 ਵਿੱਚ 6,521 ਰੁਪਏ ਹੋ ਗਿਆ ਹੈ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਇਹ 1,430 ਰੁਪਏ ਤੋਂ ਵਧ ਕੇ 3,860 ਰੁਪਏ ਹੋ ਗਿਆ ਹੈ। ਅਨੁਮਾਨ ਸਾਰੇ ਰਾਜਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਵਿੱਚ 2,61,746 ਪਰਿਵਾਰਾਂ (ਪੇਂਡੂ ਖੇਤਰਾਂ ਵਿੱਚ 1,55,014 ਅਤੇ ਸਹਿਰੀ ਖੇਤਰਾਂ ਵਿੱਚ 1,06,732) ਤੋਂ ਇਕੱਤਰ ਕੀਤੇ ਡੇਟਾ 'ਤੇ ਅਧਾਰਤ ਹਨ।

# ਲੋਕ ਸਭਾ ਲਈ ਕੋਡ ਆਫ ਕੰਡਕਟ ਲੱਗ ਵੀ ਜਾਵੇ ਤਾਂ ਵੀ ਹੋਣਗੀਆਂ ਜਿਮਖਾਨਾ ਕਲੱਬ ਦੀਆਂ ਚੋਣਾਂ

ਸਰਦੂਲ ਸਿੰਘ

ਜਲੰਧਰ 26 ਫਰਵਰੀ। ਜਲੰਧਰ ਸਹਿਰ ਦੇ ਇਕਲੌਤੇ ਕਲੱਬ ਜਲੰਧਰ ਜਿਮਖਾਨਾ ਦੀਆਂ ਚੋਣਾਂ 10 ਮਾਰਚ ਨੂੰ ਹੋਣੀਆਂ ਹਨ ਅਤੇ ਆਸ ਪ੍ਰਗਟ ਕੀਤੀ ਜਾ ਰਹੀ ਹੈ ਕਿ ਦੇਸ ਭਰ ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਲਈ ਕੋਡ ਆਫ ਕੰਡਕਟ ਫਰਵਰੀ ਮਹੀਨੇ ਦੇ ਆਖਿਰ ਜਾਂ ਮਾਰਚ ਦੇ ਸੁਰੂ ਵਿਚ ਲੱਗ ਸਕਦਾ ਹੈ। ਇਸੇ ਵਿਚਕਾਰ ਪ੍ਰਸ਼ਾਸਨਿਕ ਸੂਤਰਾਂ ਨੇ ਸੰਕੇਤ ਦਿੱਤੇ ਹਨ ਕਿ ਜੇਕਰ ਲੋਕ ਸਭਾ ਚੋਣਾਂ ਲਈ ਕੋਡ ਆਡ ਕੰਡਕਟ 10 ਮਾਰਚ ਤੋਂ ਪਹਿਲਾਂ ਵੀ ਲੱਗਦਾ ਹੈ ਤਾਂ ਵੀ ਜਲੰਧਰ ਜਿਮਖਾਨਾ ਕਲੱਬ ਦੀਆਂ ਚੋਣਾਂ ਮੁਕੰਮਲ ਕਰਵਾ ਦਿੱਤੀਆਂ ਜਾਣਗੀਆਂ। ਜਿ਼ਕਰਯੋਗ ਹੈ ਕਿ ਇ ਨ੍ਹੀਂ ਦਿਨੀਂ ਜਿਮਖਾਨਾ ਕਲੱਬ ਦੇ ਸੰਚਾਲਨ ਲਈ ਜਿਥੇ ਐਡਹਾਕ ਕਮੇਟੀ ਬਣਾਈ ਹੋਈ ਹੈ, ਉਥੇ ਹੀ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਪੀ. ਸੀ. ਐੱਸ. ਅਧਿਕਾਰੀ ਅਮਰਜੀਤ ਬੈਂਸ ਨੂੰ ਰਿਟਰਨਿੰਗ ਆਫਿਸਰ ਲਾਇਆ ਗਿਆ ਹੈ। ਪੀ. ਸੀ. ਐੱਸ. ਅਧਿਕਾਰੀ ਪੁਨੀਤ ਸ਼ਰਮਾ ਦੀ ਨਿਯੁਕਤੀ ਬਤੌਰ ਰਿਟਰਨਿੰਗ ਆਫਿਸਰ ਕੀਤੀ ਗਈ ਹੈ। ਦੋਵਾਂ ਅਧਿਕਾਰੀਆਂ ਨੇ ਬੀਤੇ ਦਿਨੀਂ ਕਲੱਬ ਜਾ ਕੇ ਚੋਣਾਂ ਸਬੰਧੀ ਪ੍ਰਕਿਰਿਆ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਹੈ। ਕਲੱਬ ਦੀ ਫਾਈਨਲ ਵੋਟਰ ਲਿਸਟ ਨੂੰ ਤਿਆਰ ਕਰ ਲਿਆ ਗਿਆ ਹੈ ਅਤੇ ਉਸ ਨੂੰ ਕਲੱਬ ਦੇ ਨੋਟਿਸ ਬੋਰਡ 'ਤੇ ਡਿਸਪਲੇਅ ਵੀ ਕੀਤਾ ਜਾ ਚੁੱਕਾ ਹੈ ਤਾਂ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਸਨੂੰ ਦਰਜ ਕਰਵਾ ਸਕੇ। ਖਾਸ ਗੱਲ ਇਹ ਹੈ ਕਿ ਇਸ ਵਾਰ ਹੋਣ ਜਾ ਰਹੀਆਂ ਚੋਣਾਂ ਵਿਚ ਸਭ ਤੋਂ ਵੱਧ ਵੋਟਰ ਭਾਵ 4095 ਕਲੱਬ ਮੈਂਬਰ ਆਪਣੀ ਵੋਟ ਦੀ ਵਰਤੋਂ ਕਰ ਸਕਣਗੇ। ਹਰ ਮੈਂਬਰ ਨੂੰ ਬਤੌਰ ਵੋਟਰ 14 ਵੋਟਾਂ ਪਾਉਣ ਦਾ ਅਧਿਕਾਰ ਹੋਵੇਗਾ। ਜਿਮਖਾਨਾ ਕਲੱਬ ਦੀਆਂ ਚੋਣਾਂ 'ਚ ਅਜੇ



ਕਾਫੀ ਸਮਾਂ ਬਾਕੀ ਹੈ, ਜਿਸ ਕਾਰਨ ਦੋਵਾਂ ਹੀ ਗਰੁੱਪਾਂ ਪ੍ਰੋਗਰੈਸਵ ਅਤੇ ਅਚੀਵਰਸ ਦੇ ਉਮੀਦਵਾਰ ਆਪਣੀ ਪੂਰੀ ਤਾਕਤ ਨਹੀਂ ਝੋਕ ਰਹੇ। ਦੇਰ ਰਾਤ ਪਾਰਟੀਆਂ ਦਾ ਸਿਲਸਿਲਾ ਵੀ ਅਜੇ ਸ਼ੁਰੂ ਨਹੀਂ ਹੋਇਆ। ਪਹਿਲਾਂ-ਪਹਿਲ ਇਹ ਕਿਹਾ ਜਾ ਰਿਹਾ ਸੀ ਕਿ ਸ਼ਾਇਦ ਕੋਡ ਆਫ ਕੰਡਕਟ ਕਾਰਨ ਕਲੱਬ ਚੋਣਾਂ ਨਾ ਹੋਣ ਪਰ ਜਦੋਂ ਕਿ ਸਭ ਕੁਝ ਸਾਫ ਹੋ ਗਿਆ ਹੈ ਕਿ ਕਲੱਬ ਚੋਣਾਂ ਹੋਣਗੀਆਂ ਹੀ ਹੋਣਗੀਆਂ, ਫਿਰ ਵੀ ਉਮੀਦਵਾਰ ਤੇਜੀ ਨਹੀਂ ਫੜ ਰਹੇ ਅਤੇ ਹੁਣ ਕਹਿ ਰਹੇ ਹਨ ਕਿ ਚੋਣਾਂ ਵਿਚ ਸਮਾਂ ਬਹੁਤ ਪਿਆ ਹੈ। ਜਿਮਖਾਨਾ ਦੇ ਵੋਟਰਾਂ ਨੂੰ ਲੱਭਣ ਲਈ ਵਧੇਰੇ ਉਮੀਦਵਾਰ ਗਲੀਆਂ-ਬਾਜਾਰਾਂ ਵਿਚ ਜਰੂਰ ਜਾ ਰਹੇ ਹਨ। ਇਸ ਤੋਂ ਇਲਾਵਾ ਪਾਸ਼ ਕਾਲੋਨੀਆਂ ਅਤੇ ਉਦਯੋਗਿਕ ਖੇਤਰਾਂ ਦਾ ਦੌਰਾ ਕਰਕੇ ਵੀ ਆਪਣੇ-ਆਪਣੇ ਉਮੀਦਵਾਰਾਂ ਲਈ ਵੋਟ ਮੰਗਣ ਦਾ ਸਿਲਸਿਲਾ ਜਾਰੀ ਹੈ। ਦੋਵਾਂ ਗਰੁੱਪਾਂ ਵੱਲੋ ਕਿੰਗ ਮੇਕਰ ਵੀ ਆਪਣੀਆਂ-ਆਪਣੀਆਂ ਗੋਟੀਆਂ ਫਿੱਟ ਕਰਨ ਵਿਚ ਲੱਗੇ ਹੋਏ ਹਨ ਅਤੇ ਦੂਰ-ਦੂਰ ਤੋਂ ਜਾਣ-ਪਛਾਣ ਕੱਢ ਕੇ ਜਾਂ ਦਬਾਅ ਪੁਆ ਕੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਵੀ ਚਾਲੂ ਹੈ। ਵਧੇਰੇ ਪ੍ਰਚਾਰ ਸੋਸ਼ਲ ਮੀਡੀਆ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ, ਜਿੱਥੇ ਵਧੇਰੇ ਉਮੀਦਵਾਰ ਆਪਣੀ-ਆਪਣੀ ਪ੍ਰਚਾਰ ਸਮੱਗਰੀ ਪਾ ਰਹੇ ਹਨ।

## 2 ਮਹੀਨਿਆਂ 'ਚ ਟੁੱਟੇ 5 ਹਜਾਰ ਦੇ ਬੂਟ, ਕੰਪਨੀ ਹੁਣ ਦੇਵੇਗੀ ਨਵਾਂ ਜੋੜਾ ਤੇ 20 ਹਜਾਰ ਦਾ ਹਰਜਾਨਾ

ਮੋਹਾਲੀ 26 ਫਰਵਰੀ। ਮੋਹਾਲੀ ਦੇ ਫੇਜ-11 'ਚ ਰਹਿਣ ਵਾਲੇ ਸੁਭਾਸ ਵਤਸ ਨੇ ਨਵੰਬਰ 2020 ਵਿੱਚ ਜਾਰਾ ਸੋਅਰੂਮ ਤੋਂ ਜੁੱਤਿਆਂ ਦਾ ਜੋੜਾ ਅਤੇ ਵਿੰਡ ਜੈਕੇਟ ਖਰੀਦੇ ਸਨ। ਦੋ ਮਹੀਨਿਆਂ ਬਾਅਦ ਖਰੀਦੇ ਹੋਏ ਬੂਟਾਂ ਦੇ ਖੱਬੇ ਪੈਰ ਦਾ ਸੋਲ ਖਰਾਬ ਹੋ ਗਿਆ। ਉਸ ਨੇ ਸੋਅਰੂਮ ਵਿੱਚ ਜਾ ਕੇ ਬਦਲੀ ਲਈ ਕਿਹਾ, ਪਰ ਉਨ੍ਹਾਂ ਨੇ ਮੁਰੰਮਤ ਕਰਨ ਲਈ ਕਿਹਾ। ਇਸ 'ਤੇ ਸੁਭਾਸ ਨੇ 15 ਮਾਰਚ 2021 ਨੂੰ ਖਪਤਕਾਰ ਅਦਾਲਤ 'ਚ ਕੇਸ ਦਾਇਰ ਕਰ ਦਿੱਤਾ। ਹੁਣ ਇਸ ਮਾਮਲੇ 'ਚ 4 ਸਾਲ ਬਾਅਦ ਅਦਾਲਤ ਨੇ ਖਪਤਕਾਰ ਦੇ ਹੱਕ 'ਚ ਫੈਸਲਾ ਸੁਣਾਉਂਦਿਆਂ ਜਾਰਾ ਸਟੋਰ ਨੂੰ ਪੁਰਾਣੀਆਂ ਜੁੱਤੀਆਂ ਦੇ ਬਦਲੇ ਨਵੇਂ ਬੂਟ ਦੇਣ ਦੇ ਨਾਲ-ਨਾਲ 20 ਹਜਾਰ ਰੁਪਏ



ਦਾ ਮੁਆਵਜਾ ਦੇਣ ਦਾ ਫੈਸਲਾ ਸੁਣਾਇਆ ਹੈ। ਸਿ਼ਕਾਇਤਕਰਤਾ ਸੁਭਾਸ਼ ਨੇ ਦੱਸਿਆ ਕਿ ਉਨ੍ਹਾਂ ਨੇ 4990 ਰੁਪਏ ਦੇ ਬੂਟ ਖਰੀਦੇ ਸਨ। ਜਦੋਂ ਇਕ ਪ੍ਰੋਗਰਾਮ ਵਿਚ ਇਨ੍ਹਾਂ ਬੂਟਾਂ ਨੂੰ ਪਾ ਕੇ ਗਏ ਤਾਂ ਖੱਬੇ ਪੈਰ ਦਾ ਸੋਲ ਟੁੱਟ ਜਾਣ ਕਾਰਨ ਉਨ੍ਹਾਂ ਨੂੰ ਸਾਰਿਆਂ ਸਾਹਮਣੇ ਸ਼ਰਮਿੰਦਾ ਹੋਣਾ ਪਿਆ। ਹਾਲਾਂਕਿ ਸੁਭਾਸ਼ ਨੇ ਇਹ ਬੂਟ ਸਿਰਫ 5-6 ਵਾਰ ਹੀ ਪਾਏ ਸਨ। ਕੰਪਨੀ ਦੇ ਵਕੀਲ ਨੇ ਦਲੀਲ ਦਿੱਤੀ ਕਿ ਸ਼ਿਕਾਇਤਕਰਤਾ ਕਲੇਮ ਦਾ ਹੱਕਦਾਰ ਨਹੀਂ ਹੈ ਕਿਉਂਕਿ ਕੰਪਨੀ ਨੇ ਮੁਫਤ ਵਿਚ ਬੂਟ ਠੀਕ ਕਰਨ ਦੀ ਗੱਲ਼ ਕਹੀ ਸੀ। ਪਰ ਬੂਟ ਬਦਲ ਕੇ ਦੇਣਾ ਜਾਂ ਪੈਸੇ ਵਾਪਸ ਕਰਨਾ ਸੰਭਵ ਨਹੀਂ ਹੈ ਕਿਉਂਕਿ ਕੰਪਨੀ ਨੇ ਖਰਾਬ ਬੂਟ ਨਹੀਂ ਵੇਚੇ ਸਨ। ਅਦਾਲਤ ਨੇ ਕਿਹਾ ਕਿ ਬੂਟਾਂ ਦੀ ਹਾਲਤ ਅਜਿਹੀ ਨਹੀਂ ਹੈ ਕਿ ਇਸ ਨੂੰ ਪਹਿਨਿਆ ਨਹੀਂ ਜਾ ਸਕਦਾ। ਜੇਕਰ ਕੰਪਨੀ ਦੀ ਗਲਤੀ ਹੀ ਨਹੀਂ ਹੈ ਤਾਂ ਫਿਰ ਕੰਪਨੀ ਇਸ ਨੂੰ ਮੁਰੰਮਤ ਕਰਕੇ ਕਿਉਂ ਦੇ ਰਹੀ ਹੈ?